SAINI BHAWAN RUPNAGAR
PUNJAB
ਸਰਬਤ ਦਾ ਭਲਾ
Estd. 1971

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

50

Oct. - Dec. 2023

# ਸੈਣੀ ਸੰਸਾਰ
# Saini Sansar

ਧਰਤੀ ਹੋਰੁ ਪਰੈ ਹੋਰੁ ਹੋਰੁ॥
ਗੁਰੂ ਨਾਨਕ ਦੇਵ ਜੀ




## CHANDRAYAAN 3

## ਅੰਦਰ ਪੜ੍ਹੋ

- ਕਸ਼ਮੀਰ - ਟੁੱਕੜੀ ਜੱਗ ਤੋਂ ਨਿਆਰੀ
- ਭਾਰਤੀ ਪੁਲਾੜੀ ਖੋਜ ਸੰਸਥਾ-ਇਸਰੋ
- ਯੈਲੋਸਟੋਨ ਨੈਸ਼ਨਲ ਪਾਰਕ ਦੀ ਯਾਤਰਾ
- ਸੈਣੀ ਭਵਨ ਦੀਆਂ ਸਰਗਰਮੀਆਂ
- ਸਾਹਿਤਕ ਰਚਨਾਵਾਂ
- ਮੈਟਰੀਮੋਨੀਅਲਜ਼

PUBLISHERS
KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

Volume - XIII, Issue - IV

# Saini Sansar

(Quarterly)

Oct. - Dec. 2023

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

**FOUNDER**
**Late Sh. L.R. Mundra**
Asstt. Police Commissioner
(Delhi) (Retd.)

**CHIEF EDITOR**
**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate
(Retd.)
Ph. : 94646-49922

**MANAGER (Circulation)**
**S. Jagdev Singh**
J.E. PSPCL (Retd.)
Ph. : 98883-96364

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Daljit Singh**
Desk Controller, PSPCL (Retd.)
Ph. : 99148-30323

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**ADVISORS :**

**India** : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

**Australia** : **Harjit Singh Saini (Lasara)**
#41, Morris Crescent, Bellbird Park, 4300 Lpswic QLD-Australia

**U.S.A.** : **Dr. Manavpreet Kaur** Professor (English)
# 10936, Brighton Lane, Frisco, Tx-75033 (USA)

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI

| Subscription / Assistance Money | India | Abroad |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| ਚੰਦਾ/ਸਹਾਇਤਾ ਰਾਸ਼ੀ | ਭਾਰਤ | ਵਿਦੇਸ਼ |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ______ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 07.10.2023**

# ਸੈਣੀ ਸੰਸਾਰ
(ਤਿਮਾਹੀ)

ਜਿਲਦ 13, ਅੰਕ 4 ਅਕਤੂਬਰ - ਦਸੰਬਰ 2023

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com
ਫੋਨ : 9876626588

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।

ਮੁੱਖ ਪੰਨੇ 'ਤੇ ਫੋਟੋ : ਭਾਰਤ ਵੱਲੋਂ ਚੰਦਰਮਾਂ 'ਤੇ ਭੇਜਿਆ ਗਿਆ ਚੰਦਰਯਾਨ-3

## ਤੱਤਕਰਾ


| ਕੀ | ਕਿੱਥੇ |
|---|---|
| ਸੰਪਾਦਕੀ - ਸਮੂਹਿਕ ਹਿੰਸਾ ਦੇ ਬੀਜ | 3-4 |
| ਸੈਣੀ ਭਵਨ ਦੀਆਂ ਸਰਗਰਮੀਆਂ | 5 |
| ਭੁੱਲਿਆ-ਵਿਸਰਿਆ ਸੰਗੀਤਕਾਰ-ਭਗਵਾਨ ਦਾਸ ਸੈਣੀ | 6-7 |
| Donors of Saini Bhawan | 7 |
| ਕਹਾਣੀ -ਮਿੱਟੀ ਦੀ ਮਹਿਕ | 8-9 |
| ਕਸ਼ਮੀਰ - ਟੁੱਕੜੀ ਜੱਗ ਤੋਂ ਨਿਆਰੀ | 10-12 |
| ਮਾਣਮੱਤੀ ਭਾਰਤੀ ਪੁਲਾੜੀ ਖੋਜ ਸੰਸਥਾਨ ਇਸਰੋ | 13-14 |
| Scholarships 2023-24 | 15 |
| ਆਓ ਚੰਗੇ ਕਰਮ ਕਮਾਈਏ | 16-17 |
| ਵਿਚਾਰ ਚਰਚਾ - ਪਾਣੀ ਪਿਤਾ | 18-19 |
| ਗਜ਼ਲਾਂ ਅਤੇ ਕਵਿਤਾ | 20 |
| Yellowstone National Park - Nature's Masterpiece | 21 |
| Religious and Mankind | 22-23 |
| ਬੱਤੀ ਸੁਲੱਖਣੀ ਮਾਂ, ਰੁੱਖਾਂ ਦੀ ਠੰਢੀ ਛਾਂ | 24 |
| ਕਹਾਣੀ - ਚੋਰ | 25-26 |
| ਗੀਤ - ਹਾਲੋਂ ਬੇਹਾਲ | 26 |
| ਭਾਰਤ ਦਾ ਅਣਗੌਲਿਆ ਵਿਗਿਆਨੀ ਵਿਰਸ | 27-28 |
| ਕਵਿਤਾ - ਪੰਛੀ ਆਜ਼ਾਦ ਹੈ | 29 |
| ਸੈਣੀ ਸਮਾਚਾਰ | 29 |
| ਜੀਵਨ ਜਾਂਚ - ਨਰੋਏ ਸਮਾਜ ਲਈ ਨਵੀਆਂ ਪੈੜਾਂ ਸਿਰਜੀਏ | 30-31 |
| ਭਖਦੀ ਸਮੱਸਿਆ - ਖਾਲੀ ਹੋ ਰਿਹਾ ਪੰਜਾਬ | 32-33 |
| ਕਮਲੇ ਖਿਡਾਰੀਆਂ ਦਾ ਕਮਾਲ | 34 |
| Matrimonials | 35-40 |


## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : | 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : | 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : | 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : | 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : | 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : | 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : | 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : | 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ



# ਸਮੂਹਿਕ ਹਿੰਸਾ ਦੇ ਬੀਜ

ਅਜਮੇਰ ਸਿੰਘ (ਡਾ.)
ਰੂਪਨਗਰ

ਭਾਰਤ ਦੇ ਪੂਰਬੀ ਸੂਬੇ ਮਨੀਪੁਰ ਵਿੱਚ ਇਸ ਸਾਲ 4 ਮਈ ਨੂੰ ਦੋ ਕਬਾਇਲੀ ਔਰਤਾਂ ਨੂੰ ਨਿਰਵਸਤਰ ਕਰ ਕੇ ਘੁਮਾਉਣ ਦੀ ਘਿਨੌਣੀ ਘਟਨਾ ਨੇ ਪੂਰੀ ਮਨੁੱਖਤਾ ਨੂੰ ਸ਼ਰਮਸਾਰ ਕੀਤਾ ਹੈ। ਇਸ ਸਰਹੱਦੀ ਪਹਾੜੀ ਸੂਬੇ ਵਿੱਚ ਦੋ ਕਬਾਇਲੀ ਫ਼ਿਰਕਿਆਂ ਵਿਚਕਾਰ ਝਗੜੇ ਸਬੰਧੀ 3 ਮਈ ਤੋਂ ਰੋਸ-ਮੁਜ਼ਾਹਰੇ ਸ਼ੁਰੂ ਹੋਏ ਸਨ। ਇਨ੍ਹਾਂ ਹਿੰਸਕ ਝੜਪਾਂ ਦੌਰਾਨ ਦੁਕਾਨਾਂ, ਮਕਾਨਾਂ, ਵਾਹਨਾਂ ਨੂੰ ਅੱਗ ਲਗਾਉਣ, ਕੁੱਟਮਾਰ ਕਰਨ, ਪੁਲਿਸ ਤੋਂ ਹਥਿਆਰ ਲੁਟਣ ਅਤੇ ਇੱਕ-ਦੂਜੇ ਨੂੰ ਮਾਰਨ ਦੀਆਂ ਵਾਰਦਾਤਾਂ ਵਾਪਰੀਆਂ ਜਿਨ੍ਹਾਂ ਕਾਰਨ 150 ਤੋਂ ਵੱਧ ਵਿਅਕਤੀ ਮਾਰੇ ਗਏ, 200 ਤੋਂ ਜ਼ਿਆਦਾ ਗੰਭੀਰ ਜ਼ਖਮੀ ਹੋਏ ਅਤੇ ਹਜ਼ਾਰਾਂ ਲੋਕ ਬੇਘਰ ਹੋ ਕੇ ਕੈਂਪਾਂ ਵਿੱਚ ਰਹਿਣ ਲਈ ਮਜ਼ਬੂਰ ਹੋਏ। ਸ਼ਾਤੀ ਅਤੇ ਭਾਈਚਾਰਕ ਸਾਂਝ ਨਾਲ ਵਸਦੇ ਲੋਕ ਸਹਿਮ, ਦੁੱਖ, ਸ਼ੱਕ ਅਤੇ ਵੀਰਾਨੀ ਦੇ ਆਲਮ ਵਿੱਚ ਗ੍ਰਸੇ ਗਏ।

ਮਨੁੱਖੀ ਇਤਿਹਾਸ ਅਜਿਹੀਆਂ ਸਮੂਹਿਕ-ਹਿੰਸਕ ਘਟਨਾਵਾਂ ਨਾਲ ਭਰਿਆ ਪਿਆ ਹੈ। 1920-30ਵਿਆਂ ਵਿੱਚ ਜਰਮਨੀ ਵਿੱਚ ਯਹੂਦੀਆਂ ਨੂੰ ਫ਼ਿਰਕੂ ਨਫ਼ਰਤ ਦਾ ਸ਼ਿਕਾਰ ਬਣਾ ਕੇ ਲੱਖਾਂ ਲੋਕਾਂ ਦਾ ਘਾਣ ਕੀਤਾ ਗਿਆ ਸੀ। ਪੰਜਾਬ ਨੇ 1947 ਵਿੱਚ ਦੇਸ਼-ਵੰਡ ਸਮੇਂ ਇਸ ਨਫ਼ਰਤ ਦਾ ਕਹਿਰ ਭੋਗਿਆ ਜਦੋਂ ਆਪਸ ਵਿੱਚ ਮਿਲਜੁਲ ਕੇ ਰਹਿ ਰਹੇ ਲੋਕਾਂ ਦੇ ਮਨਾਂ ਵਿੱਚ ਅਜਿਹੀ ਜ਼ਹਿਰ ਭਰੀ ਗਈ ਕਿ ਉਹ ਇੱਕ ਦੂਜੇ ਦੇ ਜਾਨੀ-ਦੁਸ਼ਮਣ ਬਣ ਗਏ। ਇਸ ਦੇ ਨਤੀਜੇ ਵਜੋਂ 10 ਲੱਖ ਲੋਕਾਂ ਦੀਆਂ ਜਾਨਾਂ ਗਈਆਂ, ਕਰੋੜਾਂ ਰੁਪਏ ਦੀਆਂ ਜਾਇਦਾਦਾਂ ਬਰਬਾਦ ਹੋਈਆਂ ਅਤੇ ਅਣਗਿਣਤ ਔਰਤਾਂ ਦੀ ਸ਼ਰੇਆਮ ਪੱਤ ਲੁੱਟੀ ਗਈ। ਸੰਨ 1984 ਵਿੱਚ ਪੂਰੇ ਭਾਰਤ ਵਿੱਚ ਸਿੱਖਾਂ ਨੂੰ ਫ਼ਿਰਕਾਪ੍ਰਸਤੀ ਦਾ ਸ਼ਿਕਾਰ ਬਣਾਇਆ ਗਿਆ। ਇੱਕੀਵੀਂ ਸਦੀ ਦੇ ਸ਼ੁਰੂ ਵਿੱਚ ਹੀ ਗੁਜਰਾਤ ਵਿੱਚ ਵੀ ਅਜਿਹੇ ਦੰਗਿਆਂ ਨੇ ਹਜ਼ਾਰਾਂ ਬੇਕਸੂਰ ਲੋਕਾਂ ਦੀਆਂ ਜਾਨਾਂ ਲਈਆਂ ਸਨ।

ਇਨ੍ਹਾਂ ਮੰਦਭਾਗੀ ਘਟਨਾਵਾਂ ਤੋਂ ਹਰ ਚਿੰਤਕ ਮਨੁੱਖ ਪ੍ਰੇਸ਼ਾਨ ਹੁੰਦਾ ਹੈ ਕਿ ਆਪਣੇ ਆਪ ਨੂੰ ਸੱਭਿਅਕ ਅਖਵਾਉਣ ਵਾਲੇ ਮਨੁੱਖ ਵਿੱਚ ਇੰਨੀ ਅਣਮਨੁੱਖਤਾ ਕਿਉਂ ਮੌਜੂਦ ਹੈ ਪ੍ਰਸ਼ਨ ਉੱਠਦਾ ਹੈ ਕਿ ਕੀ ਮਨੁੱਖ ਅੰਦਰ ਹਿੰਸਾ ਤੇ ਨਫ਼ਰਤ ਦਾ ਅਜਿਹਾ ਬਾਰੂਦ ਹਮੇਸ਼ਾਂ ਜਮ੍ਹਾਂ ਹੁੰਦਾ ਹੈ ਜਿਸ ਨੂੰ ਕੁੱਝ ਘਟਨਾਵਾਂ ਦੀ ਤੀਲੀ ਨਾਲ ਭੜਕਾ ਕੇ ਇੱਕ-ਦੂਜੇ 'ਤੇ ਜ਼ੁਲਮ-ਜਬਰ ਕਰਨ ਦੀ ਜਵਾਲਾਮੁਖੀ ਵਿੱਚ ਬਦਲਿਆ ਜਾ ਸਕਦਾ ਹੈ? ਇਸ ਪ੍ਰਸ਼ਨ ਦਾ ਉੱਤਰ ਗੁੰਝਲਦਾਰ ਅਤੇ ਅਸਪਸ਼ਟ ਹੈ। ਪਰ ਵਾਰ ਵਾਰ ਵਾਪਰਦੀਆਂ ਘਟਨਾਵਾਂ ਦੀ ਚੀਰਫਾੜ ਕਰ ਕੇ ਸਮਾਜ ਸ਼ਾਸਤਰੀਆਂ ਨੇ ਕੁੱਝ ਸਿੱਟੇ ਕੱਢੇ ਹਨ।

ਕੁੱਝ ਵਿਚਾਰਵਾਨਾਂ ਦਾ ਮੰਨਣਾ ਹੈ ਕਿ ਹਰ ਸਮਾਜ ਵਿੱਚ ਵਸਦੇ ਫ਼ਿਰਕਿਆਂ ਵਿੱਚ ਵਖਰੇਵੇਂ ਅਤੇ ਵਿਤਕਰਿਆਂ ਦੀਆਂ ਭਾਵਨਾਵਾਂ ਹੁੰਦੀਆਂ ਹਨ। ਅਜਿਹੀਆਂ ਭਾਵਨਾਵਾਂ ਦੇ ਬਾਵਜੂਦ ਲੋਕ ਸਹਿਹੋਂਦ ਨਾਲ ਵਸਣ ਦੇ ਅਜਿਹੇ ਤੌਰ-ਤਰੀਕੇ ਲੱਭ ਲੈਂਦੇ ਹਨ ਜਿਨ੍ਹਾਂ ਨਾਲ ਭਾਈਚਾਰਕ ਸਾਂਝ ਬਣੀ ਰਹਿੰਦੀ ਹੈ। ਇਕ ਪੱਧਰ 'ਤੇ ਇਹ ਸਾਂਝ ਵਿਹਾਰਕ ਹੁੰਦੀ ਹੈ ਅਤੇ ਕਈ ਪੱਧਰਾਂ 'ਤੇ ਇਸ ਦੀਆਂ ਕੁੱਝ ਹੱਦਾਂ ਨਿਸ਼ਚਿਤ ਕੀਤੀਆਂ ਜਾਂਦੀਆਂ ਹਨ ਜਿਵੇਂ ਕਿਤੇ ਆਪਸੀ ਵਿਆਹ ਨਹੀਂ ਹੁੰਦੇ, ਕਿਤੇ ਇੱਕ ਭਾਈਚਾਰਾ ਦੂਜੇ ਨਾਲ ਖਾਣਾ ਖਾਣ ਤੋਂ ਗੁਰੇਜ ਕਰਦਾ ਹੈ, ਉਨ੍ਹਾਂ ਦੇ ਲਿਬਾਸ ਅਤੇ ਰੀਤੀ ਰਿਵਾਜ ਵੀ ਵੱਖ ਵੱਖ ਹੋ ਸਕਦੇ ਹਨ। ਇਸ ਦੇ ਬਾਵਜੂਦ ਭਾਈਚਾਰੇ ਅਮਨ ਅਮਾਨ ਕਾਇਮ ਰਖਦੇ ਹਨ ਤੇ ਮੇਲਮਿਲਾਪ ਵਧਾਉਂਦੇ ਹਨ। ਇਸ ਦਾ ਮਤਲਬ ਹੈ ਕਿ ਵੱਖ ਵੱਖ ਫ਼ਿਰਕਿਆਂ ਦੇ ਲੋਕਾਂ ਦੇ ਮਨਾਂ ਵਿੱਚ ਨਫ਼ਰਤ ਇੱਕ-ਦੂਜੇ ਨੂੰ ਮਿਲਣ, ਆਪਸ ਵਿੱਚ ਵਪਾਰ ਤੇ ਕਾਰੋਬਾਰ ਕਰਨ ਆਦਿ ਤੋਂ ਪੈਦਾ ਨਹੀਂ ਹੁੰਦੀ। ਨਫ਼ਰਤ ਨੂੰ ਲਗਾਤਾਰ ਕੂੜ ਪ੍ਰਚਾਰ ਰਾਹੀਂ ਇੱਕ ਸਮਾਜਿਕ ਤੇ ਸਿਆਸੀ ਤਾਕਤ ਬਣਾਇਆ ਜਾਂਦਾ ਹੈ। ਇਸ ਤਰ੍ਹਾਂ ਇਹ ਕੋਈ ਕੁਦਰਤੀ ਵਰਤਾਰਾ ਨਹੀਂ ਹੈ। ਕਿਸੇ ਫ਼ਿਰਕੇ ਦਾ ਇਨਸਾਨ ਦੂਜੇ ਫ਼ਿਰਕੇ ਦੇ ਲੋਕਾਂ ਪ੍ਰਤਿ ਨਫ਼ਰਤ ਜਨਮ ਤੋਂ ਲੈ ਕੇ ਪੈਦਾ ਨਹੀਂ ਹੁੰਦਾ। ਇਹ ਸਮਾਜ ਵਿੱਚ ਗੈਰਕੁਦਰਤੀ ਢੰਗਾਂ ਨਾਲ ਪੈਦਾ ਕੀਤੀ ਜਾਂਦੀ ਹੈ। ਸਮਾਜ ਦੀਆਂ ਵੱਖ ਵੱਖ ਸਮਾਜਿਕ ਸੰਸਥਾਵਾਂ ਤੇ ਅਦਾਰੇ ਇਸ ਨੂੰ ਪੈਦਾ ਕਰਨ ਵਿੱਚ ਹਿੱਸਾ ਪਾਉਂਦੇ ਹਨ। ਮਨੁੱਖੀ ਮਨਾਂ ਵਿੱਚ ਪਨਪਦੇ ਇਨ੍ਹਾਂ ਵਿਤਕਰਿਆਂ ਨੂੰ ਅਸੀਮ ਨਫ਼ਰਤ ਤੇ ਹਿੰਸਾ ਤੱਕ ਲੈ ਕੇ ਜਾਣ ਦਾ ਕਾਰਜ ਕੱਟੜ ਧਾਰਮਿਕ ਜਥੇਬੰਦੀਆਂ ਤੇ ਆਗੂ ਕਰਦੇ ਹਨ। ਦੰਗਿਆਂ ਦੀਆਂ ਘਟਨਾਵਾਂ ਉਦੋਂ ਵਾਪਰਦੀਆਂ ਹਨ ਜਦੋਂ ਵੱਖ ਵੱਖ ਭਾਈਚਾਰਿਆਂ ਦੇ ਲੋਕਾਂ ਦੇ ਮਨਾਂ ਵਿੱਚ ਲਗਾਤਾਰ ਫ਼ਿਰਕੂ ਜ਼ਹਿਰ ਤੇ ਨਫ਼ਰਤ ਘੋਲੀ ਜਾਂਦੀ ਹੈ, ਉਨ੍ਹਾਂ ਦੀ ਮਾਨਸਿਕ ਹਾਲਤ ਨੂੰ ਅਜਿਹੇ ਮੁਕਾਮ 'ਤੇ ਲੈ ਜਾਇਆ ਜਾਂਦਾ ਹੈ ਜਿੱਥੇ ਉਹ ਇੱਕ-ਦੂਜੇ ਦਾ ਕਤਲ ਕਰਨ ਅਤੇ ਔਰਤਾਂ ਨਾਲ ਜਬਰ-ਜਨਾਹ ਕਰਨ ਲਈ ਤਿਆਰ ਹੋ ਜਾਂਦੇ ਹਨ।

ਕੁੱਝ ਸਮਾਜ ਸ਼ਾਸਤਰੀਆਂ ਦਾ ਵਿਚਾਰ ਹੈ ਕਿ ਸਾਧਾਰਨ ਸਥਿਤੀਆਂ ਵਿੱਚ ਮਨੁੱਖ ਆਰਥਿਕ, ਸਮਾਜਿਕ ਤੇ ਪਰਿਵਾਰਕ ਕਾਰਨਾਂ ਕਰ ਕੇ ਪਰੇਸ਼ਾਨ ਹੁੰਦੇ ਹਨ। ਮਨੁੱਖ ਉਸ ਪਰੇਸ਼ਾਨੀ ਦੇ ਕਾਰਨ ਲੱਭਦਾ ਹੈ ਜੋ ਉਸ ਨੂੰ ਨਹੀਂ ਪਤਾ ਲਗਦਾ। ਵਰਤਮਾਨ ਸਮੇਂ ਵਿੱਚ ਲੋਕ ਬੇਰੁਜ਼ਗਾਰੀ ਅਤੇ ਆਰਥਿਕ ਨਾਬਰਾਬਰੀ ਕਾਰਨ ਪਰੇਸ਼ਾਨ ਹਨ। ਅਜਿਹੇ ਹਾਲਾਤ ਵਿੱਚ ਫ਼ਿਰਕਾਪ੍ਰਸਤ ਜਥੇਬੰਦੀਆਂ ਅਤੇ ਆਗੂ ਲੋਕਾਂ ਸਾਹਮਣੇ ਆਸਾਨ ਹੱਲ ਪੇਸ਼ ਕਰਦੇ ਹਨ ਕਿ ਉਨ੍ਹਾਂ ਦੇ ਦੁਖਾਂ

ਦਾ ਕਾਰਨ ਦੂਸਰੇ ਧਰਮਾਂ, ਫ਼ਿਰਕਿਆਂ, ਨਸਲਾਂ ਜਾਂ ਕਬੀਲਿਆਂ ਦੇ ਲੋਕ ਹਨ ਜੋ ਉਨ੍ਹਾਂ ਦੇ ਆਰਥਿਕ ਸਾਧਨਾਂ ਨੂੰ ਹਥਿਆ ਰਹੇ ਹਨ ਅਤੇ ਸਮਾਜਿਕ ਤੇ ਸੱਭਿਆਚਾਰਕ ਪੱਖ ਤੋਂ ਉਨ੍ਹਾਂ 'ਤੇ ਗਾਲਬ ਹੋ ਰਹੇ ਹਨ। ਅਜਿਹੇ ਸਵਾਰਥੀ ਆਗੂ ਲੋਕਾਂ ਨੂੰ ਭੜਕਾਉਂਦੇ ਹਨ ਕਿ ਜੇ ਉਹ ਆਪਣੇ ਵਿਰੋਧੀਆਂ ਨਾਲ ਸਿੱਝ ਲੈਣ ਤਾਂ ਉਨ੍ਹਾਂ ਦੀਆਂ ਪਰੇਸ਼ਾਨੀਆਂ ਦੂਰ ਹੋ ਜਾਣਗੀਆਂ। ਇਸ ਪ੍ਰਕਾਰ ਫ਼ਿਰਕਾਪ੍ਰਸਤਾਂ ਕੋਲ ਸਭ ਤੋਂ ਵੱਡਾ ਹਥਿਆਰ ਲੋਕ-ਸਮਝ ਦਾ ਸਾਧਾਰਨੀਕਰਨ ਹੁੰਦਾ ਹੈ। ਭਾਵੇਂ ਜਟਿਲ ਸਮੱਸਿਆਵਾਂ ਦਾ ਸਾਧਾਰਨ ਜਿਹਾ ਹਲ।

ਸਮੂਹਿਕ ਹਿੰਸਾ ਸਮੇਂ ਘਟਨਾਵਾਂ ਦੀ ਲਗਾਮ ਮੁੱਖ ਤੌਰ 'ਤੇ ਮਰਦਾਂ ਦੇ ਹੱਥ ਵਿੱਚ ਹੁੰਦੀ ਹੈ। ਜਬਰ ਦਾ ਨਿਸ਼ਾਨਾ ਔਰਤਾਂ ਨੂੰ ਬਣਾਇਆ ਜਾਂਦਾ ਹੈ। ਔਰਤਾਂ ਨਾਲ ਜਬਰ ਜਿਨਾਹ ਕਰ ਕੇ ਦੂਜੇ ਫ਼ਿਰਕੇ ਦੇ ਮਰਦਾਂ ਨੂੰ ਇਹ ਜਤਾਇਆ ਜਾਂਦਾ ਹੈ ਕਿ ਉਹ ਆਪਣੀਆਂ ਔਰਤਾਂ ਦੀ ਰੱਖਿਆ ਕਰਨ ਦੇ ਕਾਬਲ ਨਹੀਂ ਹਨ, ਉਹ ਕਮਜ਼ੋਰ, ਡਰਪੋਕ, ਬੇਗੈਰਤ, ਨਿਪੁੰਸਕ ਤੇ ਹੀਣੇ ਹਨ। ਉਹ ਸਮਝਦੇ ਹਨ ਕਿ ਅਜਿਹਾ ਕਰ ਕੇ ਉਨ੍ਹਾਂ ਆਪਣੇ ਭਾਈਚਾਰੇ, ਧਰਮ, ਬਸਤੀ, ਜਾਤ ਜਾਂ ਕਬੀਲੇ ਨੂੰ ਇੱਕ ਅਜਿਹੀ ਜਿੱਤ ਦਿਵਾਈ ਹੈ ਜਿਸ ਦਾ ਕੋਈ ਬਦਲ ਨਹੀਂ ਹੋ ਸਕਦਾ। ਇਸ ਨਾਲ ਦੂਜੇ ਫ਼ਿਰਕੇ ਦੇ ਲੋਕਾਂ ਨੂੰ ਸ਼ਰਮ ਵਿੱਚ ਡਬੋ ਦਿੱਤਾ ਜਾਂਦਾ ਹੈ। ਨਫ਼ਰਤ ਨੂੰ ਉਸ ਹੱਦ ਤੱਕ ਲਿਜਾਇਆ ਜਾਂਦਾ ਹੈ ਕਿ ਦੂਜੇ ਭਾਈਚਾਰੇ ਦੇ ਲੋਕਾਂ ਦੇ ਮਨੁੱਖ ਹੋਣ ਦੀ ਭਾਵਨਾ ਖ਼ਤਮ ਹੋ ਜਾਂਦੀ ਹੈ, ਮਨ-ਦਿਮਾਗ ਹਿੰਸਕ ਹੋ ਜਾਂਦੇ ਹਨ, ਉਨ੍ਹਾਂ ਨੂੰ ਮਨੁੱਖ ਹੋਣ ਦੀ ਸਰਦਲ ਤੋਂ ਡੇਗ ਕੇ ਮਨੁੱਖਤਾ ਤੋਂ ਬੇਗਾਨਾ ਕਰ ਦਿੱਤਾ ਜਾਂਦਾ ਹੈ। ਇਸ ਪ੍ਰਕਾਰ ਭਾਈਚਾਰਕ ਸਾਂਝ ਤੇ ਸਹਿਹੋਂਦ ਦੀ ਭਾਵਨਾ ਤਾਰ ਤਾਰ ਕਰ ਦਿੱਤੀ ਜਾਂਦੀ ਹੈ।

ਅਜਿਹੇ ਸਮੇਂ ਸੱਤਾਧਾਰੀ ਧਿਰਾਂ ਚੁੱਪ ਰਹਿੰਦੀਆਂ ਹਨ। ਜਦੋਂ ਉਹ ਹਿੰਸਾ ਕਰਨ ਵਾਲਿਆਂ ਦਾ ਸਾਥ ਦੇ ਰਹੀਆਂ ਹੋਣ ਤਾਂ ਹਿੰਸਾ ਨੂੰ ਵਧਣ ਦਿੱਤਾ ਜਾਂਦਾ ਹੈ ਤਾਂ ਕਿ ਨਿਸ਼ਾਨੇ 'ਤੇ ਲਏ ਭਾਈਚਾਰੇ ਦੇ ਲੋਕਾਂ ਨੂੰ ਸਬਕ ਸਿਖਾਇਆ ਜਾ ਸਕੇ। ਨਫ਼ਰਤ ਨੂੰ ਸਿਆਸੀ ਹਥਿਆਰ ਵਜੋਂ ਵਰਤਣ ਵਾਲੇ ਹਮੇਸ਼ਾਂ ਵਿਉਂਤਬੰਦੀ ਕਰਦੇ ਹਨ ਕਿ ਉਨ੍ਹਾਂ ਨੇ ਕਦੋਂ ਤੇ ਕਿਵੇਂ ਆਪਸੀ ਨਫ਼ਰਤ ਨੂੰ ਹਿੰਸਾ ਭੜਕਾਉਣ ਲਈ ਵਰਤਣਾ ਹੈ, ਇਸ ਨੂੰ ਕਿੱਥੋਂ ਤੱਕ ਵਧਣ ਦੇਣਾ ਹੈ ਅਤੇ ਕਦੋਂ ਕਾਬੂ ਕਰਨਾ ਹੈ।

ਇਹ ਕੁੱਝ ਹੀ ਮਨੀਪੁਰ ਵਿੱਚ ਹੋ ਰਿਹਾ ਹੈ। ਇੱਥੇ ਵਸਦੇ ਭਾਈਚਾਰਿਆਂ ਦੇ ਲੋਕਾਂ ਦੇ ਮਨਾਂ ਵਿੱਚ ਲਗਾਤਾਰ ਨਫ਼ਰਤ ਫੈਲਾਈ ਜਾਂਦੀ ਰਹੀ ਹੈ। ਬਹੁਗਿਣਤੀ ਮੈਤਈ ਕਬੀਲੇ ਦੇ ਲੋਕਾਂ ਦੇ ਮਨਾਂ ਵਿੱਚ ਤੋੜ-ਮਰੋੜ ਕੇ ਪੇਸ਼ ਕੀਤੇ ਇਤਿਹਾਸ ਤੇ ਮਿਥਿਹਾਸ ਨਾਲ ਗੌਰਵ ਦੀ ਭਾਵਨਾ ਸਥਾਪਿਤ ਕੀਤੀ ਗਈ ਹੈ ਜਦੋਂ ਕਿ ਘੱਟਗਿਣਤੀ ਕੁਕੀ ਕਬੀਲੇ ਦੇ ਲੋਕਾਂ ਦੇ ਮਨਾਂ ਵਿੱਚ ਹੀਣ ਭਾਵ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਹਨ। ਇਸ ਪ੍ਰਕਾਰ ਮਨੀਪੁਰ ਦੇ ਸਮਾਜ ਨੂੰ ਹਿੰਸਾ ਤੇ ਨਫ਼ਰਤ ਲਈ ਕਾਫ਼ੀ ਸਮੇਂ ਤੋਂ ਤਿਆਰ ਕੀਤਾ ਜਾ ਰਿਹਾ ਸੀ।

ਇਹ ਵੀ ਸੱਚਾਈ ਹੈ ਕਿ ਸਮੂਹਿਕ ਤੌਰ'ਤੇ ਮਨੁੱਖ ਹਮੇਸ਼ਾਂ ਲਈ ਹਿੰਸਕ ਤੇ ਸਿਰੇ ਦੇ ਫ਼ਿਰਕੂ ਬਣੇ ਨਹੀਂ ਰਹਿ ਸਕਦੇ। ਉਹ ਸਿਖਰ ਤੋਂ ਵਾਪਸ ਪਰਤਦੇ ਹਨ। ਭਾਵੇਂਕਿ ਆਪਸੀ ਵੈਰਵਿਰੋਧ ਦੀ ਭਾਵਨਾ ਨੂੰ ਇੱਕ ਦਿਨ ਵਿੱਚ ਨਹੀਂ ਮਿਟਾਇਆ ਜਾ ਸਕਦਾ। ਮਨੀਪੁਰ ਦੇ ਲੋਕਾਂ ਨੂੰ ਸ਼ੱਕ, ਨਫ਼ਰਤ ਤੇ ਹਿੰਸਾ ਦੇ ਮਾਹੌਲ ਤੋਂ ਬਾਹਰ ਕੱਢਣ ਲਈ ਸਰਕਾਰ ਦਾ ਫ਼ਰਜ਼ ਹੈ ਕਿ ਹਿੰਸਾ ਕਰਨ ਵਾਲਿਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਅਤੇ ਦੰਗਿਆਂ ਦੇ ਸ਼ਿਕਾਰ ਲੋਕਾਂ ਦੇ ਟੁੱਟੇ ਹੋਏ ਭਰੋਸੇ ਨੂੰ ਮੁੜ ਬਹਾਲ ਕਰਨ ਦੇ ਯਤਨ ਕੀਤੇ ਜਾਣ। ਅਜਿਹਾ ਮਾਹੌਲ ਸਿਰਜਿਆ ਜਾਵੇ ਜਿਸ ਵਿੱਚ ਇੱਕ -ਦੂਜੇ ਵਿਰੁੱਧ ਹਿੰਸਾ ਕਰਨੀ ਸੰਭਵ ਨਾ ਹੋਵੇ। ਅਜਿਹਾ ਭਾਈਚਾਰਿਆਂ, ਸਿਆਸੀ ਪਾਰਟੀਆਂ, ਸਮਾਜਿਕ ਤੇ ਧਾਰਮਿਕ ਸੰਸਥਾਵਾਂ ਅਤੇ ਸਰਕਾਰ ਦੇ ਸਹਿਯੋਗ ਨਾਲ ਹੀ ਸੰਭਵ ਹੋ ਸਕਦਾ ਹੈ।

❋ ❋ ❋ ❋ ❋

## ਸੈਣੀ ਬਬਰ ਅਕਾਲੀ ਦੀ ਸ਼ਹੀਦੀ ਸ਼ਤਾਬਦੀ



ਪਹਿਲੀ ਸਤੰਬਰ, 2023 ਉਨ੍ਹਾਂ ਚਾਰ ਸਿਰਲੱਥ ਬਬਰ ਅਕਾਲੀ ਯੋਧਿਆਂ ਦਾ ਸ਼ਹੀਦੀ ਸ਼ਤਾਬਦੀ ਦਿਨ ਹੈ ਜਿਨ੍ਹਾਂ ਨੇ 1923 ਵਿੱਚ ਦੇਸ਼ ਦੀ ਆਜ਼ਾਦੀ ਲਈ ਹਥਿਆਰਬੰਦ ਘੋਲ ਕਰਦਿਆਂ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਬੰਬੇਲੀ ਦੀ ਜੂਹ ਵਿੱਚ ਹਜ਼ਾਰਾਂ ਅੰਗ੍ਰੇਜ਼ੀ ਫ਼ੌਜੀਆਂ ਅਤੇ ਪੁਲਿਸ ਜਵਾਨਾਂ ਦਾ ਬਹਾਦੁਰੀ ਨਾਲ ਮੁਕਾਬਲਾ ਕਰਦਿਆਂ ਸ਼ਹਾਦਤ ਦਾ ਜਾਮ ਪੀਤਾ ਸੀ। ਇਨ੍ਹਾਂ ਵਿੱਚ ਸੈਣੀ ਬਰਾਦਰੀ ਦਾ ਮੁੱਛਫੁੱਟ ਨੌਜਵਾਨ ਮਹਿੰਦਰ ਸਿੰਘ ਬਡਵਾਲ ਵੀ ਸ਼ਾਮਿਲ ਸੀ। ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਪੰਡੋਰੀ ਗੰਗਾ ਸਿੰਘ ਦੇ ਇਸ ਪੂਰਨ ਗੁਰਸਿੱਖ ਨੇ ਅੰਗ੍ਰੇਜ਼ ਕਮਾਂਡਰ ਵਲੋਂ ਉਸ ਦੀ ਚੜ੍ਹਦੀ ਜਵਾਨੀ ਦਾ ਵਾਸਤਾ ਪਾ ਕੇ ਹਥਿਆਰ ਸੁੱਟ ਦੇਣ ਦੀ ਅਪੀਲ ਨੂੰ ਇਹ ਕਹਿੰਦਿਆਂ ਦਰਕਿਨਾਰ ਕਰ ਦਿੱਤਾ ਸੀ ਕਿ 'ਖ਼ਾਲਸਾ ਦੁਸ਼ਮਣ ਅੱਗੇ ਕਦੇ ਹਥਿਆਰ ਨਹੀਂ ਸੁੱਟਦਾ ਹੁੰਦਾ'। ਬਬਰ ਅਕਾਲੀ ਯੋਧਿਆਂ ਨੇ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰ ਰਹੇ ਦੇਸ਼ ਭਗਤਾਂ ਵਿਰੁੱਧ ਅੰਗ੍ਰੇਜ਼ ਸਰਕਾਰ ਦੀ ਮਦਦ ਕਰਨ ਵਾਲੇ ਗਦਾਰਾਂ ਅਤੇ ਪੁਲਿਸ ਝੋਲੀਚੁੱਕਾਂ ਨੂੰ ਸੋਧਣ ਦਾ ਬੀੜਾ ਚੁੱਕਿਆ ਹੋਇਆ ਸੀ। ਇਸ ਕਾਰਨ ਅੰਗ੍ਰੇਜ਼ ਸਰਕਾਰ ਇਨ੍ਹਾਂ ਤੋਂ ਬੁਰੀ ਤਰ੍ਹਾਂ ਡਰੀ ਹੋਈ ਸੀ ਅਤੇ ਇਨ੍ਹਾਂ ਨੂੰ ਹਰ ਹੀਲਾ ਵਰਤ ਕੇ ਖ਼ਤਮ ਕਰਨ 'ਤੇ ਤੁਲੀ ਹੋਈ ਸੀ।

ਜੁਲਾਈ – ਸਤੰਬਰ 2023 ਦੌਰਾਨ

# ਸੈਣੀ ਭਵਨ ਦੀਆਂ ਸਰਗਰਮੀਆਂ

ਰਾਜਿੰਦਰ ਸੈਣੀ
ਰੂਪਨਗਰ



**ਖੂਨਦਾਨ ਕੈਂਪ–** ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ(ਰਜਿ.) ਵਲੋਂ ਸੈਣੀ ਭਵਨ ਰੂਪਨਗਰ ਵਿਖੇ 29ਵਾਂ ਖੂਨਦਾਨ ਕੈਂਪ 8 ਜੁਲਾਈ, 2023 ਨੂੰ ਆਯੋਜਿਤ ਕੀਤਾ ਗਿਆ। ਇਸ ਦਾ ਉਦਘਾਟਨ ਰੂਪਨਗਰ ਜ਼ਿਲ੍ਹੇ ਦੇ ਪੁਲਿਸ ਐਸ.ਪੀ. ਸ. ਰਾਜਪਾਲ ਸਿੰਘ ਹੁੰਦਲ, ਹਾਕੀ ਓਲੰਪੀਅਨ ਨੇ ਕੀਤਾ। ਇਸ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼ਹਿਰ ਦੇ ਉੱਘੇ ਸਮਾਜਸੇਵੀ ਡਾ. ਆਰ.ਐਸ. ਪਰਮਾਰ ਹਾਜ਼ਰ ਹੋਏ। ਇਹ ਕੈਂਪ ਡਾ. ਰੌਲੀ ਅਗਰਵਾਲ ਦੀ ਅਗਵਾਈ ਹੇਠ ਚੰਡੀਗੜ੍ਹ ਦੀ ਰੋਟਰੀ ਐਂਡ ਬਲੱਡ ਸੁਸਾਇਟੀ ਰਿਸੋਰਸ ਸੈਂਟਰ ਦੀ ਟੀਮ ਵਲੋਂ ਇਕੱਠਾ ਕੀਤਾ ਗਿਆ। ਇਸ ਕੈਂਪ ਨੂੰ ਸਫ਼ਲ ਬਣਾਉਣ ਲਈ ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਰੂਪਨਗਰ, ਰਜਨੀ ਹਰਬਲਜ਼ ਮਲਕਪੁਰ, ਗੁਰੂ ਨਾਨਕ ਕਰਿਆਨਾ ਸਟੋਰ ਅਤੇ ਇੰਨਰਵੀਲ੍ਹ ਕਲੱਬ ਰੂਪਨਗਰ ਨੇ ਵਿਤੀ ਯੋਗਦਾਨ ਪਾਇਆ। ਮੁੱਖ ਮਹਿਮਾਨ ਨੇ ਜਿੱਥੇ ਸੈਣੀ ਭਵਨ ਦੀ ਸਮਾਜ ਸੇਵਾ ਦੇ ਕਾਰਜਾਂ ਲਈ ਭਰਪੂਰ ਸ਼ਲਾਘਾ ਕੀਤੀ ਉੱਥੇ ਖੂਨਦਾਨੀਆਂ ਅਤੇ ਸਹਿਯੋਗੀਆਂ ਦੇ ਮਾਨਵਵਾਦੀ ਯੋਗਦਾਨ ਦਾ ਮਾਣ ਕਰਦਿਆਂ ਉਨ੍ਹਾਂ ਨੂੰ ਮਾਣ-ਪੱਤਰਾਂ ਨਾਲ ਸਨਮਾਨਿਤ ਕੀਤਾ। ਇਸ ਕੈਂਪ ਵਿੱਚ 68 ਖੂਨਦਾਨੀਆਂ ਨੇ ਖੂਨ ਦਾਨ ਕੀਤਾ ਜਿਨ੍ਹਾਂ ਵਿੱਚ ਸੈਣੀ ਭਵਨ ਦੇ ਟਰੱਸਟੀ ਸ਼੍ਰੀ ਰਾਵਿੰਦਰ ਮੁੰਦਰਾ, ਸ. ਰਜਿੰਦਰ ਸਿੰਘ ਨੰਨੂਆ, ਸ਼੍ਰੀ ਜਗਦੇਵ ਸਿੰਘ ਅਤੇ ਮਹਿਲਾਵਾਂ ਡੇਲੀ ਵਾਸਨ, ਪ੍ਰਿਆ, ਯੋਗੀਤਾ ਅਤੇ ਸੁਨੀਤਾ ਸ਼ਾਮਲ ਸਨ। ਖੂਨਦਾਨੀਆਂ ਵਿੱਚ ਹੋਰਨਾਂ ਤੋਂ ਇਲਾਵਾ ਸ. ਮਨਜੀਤ ਸਿੰਘ ਤੰਬੜ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ, ਸ. ਗੁਰਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀ ਅਤੇ ਅਮਿਤ ਸੈਣੀ ਦਾ ਯੋਗਦਾਨ ਸ਼ਲਾਘਾਯੋਗ ਸੀ। ਕੈਂਪ ਦੇ ਆਯੋਜਨ ਵਿੱਚ ਲਾਈਫ਼ ਲਾਈਨ ਬਲੱਡ ਡੋਨਰ ਸੁਸਾਇਟੀ ਰੂਪਨਗਰ ਦੇ ਪ੍ਰਧਾਨ ਕਮਲਜੀਤ ਸਿੰਘ ਬਾਵਾ, ਸ. ਦਲਜੀਤ ਸਿੰਘ, ਗੁਰਮੁਖ ਸਿੰਘ ਸੈਣੀ, ਨੈਂਸੀ ਗੁਪਤਾ, ਵਿਹਾਨ ਸੈਣੀ ਨੇ ਵਿਸ਼ੇਸ਼ ਸਹਿਯੋਗ ਦਿੱਤਾ। ਇਸ ਸਮੇਂ ਸੰਸਥਾ ਦੇ ਪ੍ਰਧਾਨ ਡਾ. ਅਜਮੇਰ ਸਿੰਘ ਨੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਰਾਜਿੰਦਰ ਸੈਣੀ ਨੇ ਸਟੇਜ ਸੰਚਾਲਨ ਕੀਤਾ। ਇਸ ਮੌਕੇ ਸੈਣੀ ਭਵਨ ਰੂਪਨਗਰ ਦੇ ਟਰੱਸਟੀ ਅਤੇ ਪ੍ਰਬੰਧਕੀ ਮੈਂਬਰ ਹਾਜ਼ਰ ਸਨ।

**ਮੈਗਜ਼ੀਨ 'ਸੈਣੀ ਸੰਸਾਰ' ਦੀ ਘੁੰਡ ਚੁਕਾਈ–** ਸੈਣੀ ਭਵਨ ਰੂਪਨਗਰ ਵਿਖੇ 8 ਜੁਲਾਈ, 2023 ਨੂੰ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ(ਰਜਿ.) ਵਲੋਂ ਪ੍ਰਕਾਸ਼ਿਤ ਕੀਤੇ ਜਾ ਰਹੇ ਤਿਮਾਹੀ ਮੈਗਜ਼ੀਨ, 'ਸੈਣੀ ਸੰਸਾਰ' ਦੇ 49ਵੇਂ ਅੰਕ ਨੂੰ ਰਿਲੀਜ਼ ਕੀਤਾ ਗਿਆ। ਇਸ ਰਸਮ ਨੂੰ ਰੂਪਨਗਰ ਜ਼ਿਲ੍ਹੇ ਦੇ ਪ੍ਰਸਿੱਧ ਵਕੀਲ, ਸਮਾਜਸੇਵੀ ਤੇ ਕਟਲੀ ਪਿੰਡ ਦੇ ਸਰਪੰਚ ਕਮਲ ਸਿੰਘ ਸੈਣੀ ਨੇ ਆਪਣੇ ਕਰ ਕਮਲਾਂ ਨਾਲ ਨਿਭਾਇਆ। ਉਨ੍ਹਾਂ ਨੇ ਜਿੱਥੇ ਸੈਣੀ ਭਵਨ ਦੇ ਸੰਸਥਾਪਕ ਸ਼੍ਰੀ ਐਲ.ਆਰ. ਮੁੰਦਰਾ ਨੂੰ ਯਾਦ ਕੀਤਾ ਉੱਥੇ ਸੈਣੀ ਭਵਨ ਦੇ ਸਮਾਜਸੇਵੀ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਇਸ ਸੰਸਥਾ ਨੂੰ 11 ਹਜ਼ਾਰ ਰੁਪਏ ਦੀ ਆਰਥਿਕ ਸਹਾਇਤਾ ਦਿੱਤੀ। ਇਸ ਮੌਕੇ ਸੈਣੀ ਭਵਨ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ ਨੇ ਮੈਗਜ਼ੀਨ ਵਿੱਚ ਛਪਦੀ ਸਿਹਤਮੰਦ ਸਮੱਗਰੀ ਦੀ ਜਾਣਕਾਰੀ ਦਿੱਤੀ ਅਤੇ ਹਾਜ਼ਰ ਸਰੋਤਿਆਂ ਦਾ ਧੰਨਵਾਦ ਕੀਤਾ। ਇਸ ਸਮੇਂ ਸੈਣੀ ਭਵਨ ਦੇ ਪ੍ਰਬੰਧਕ ਸ਼੍ਰੀ ਰਾਜਿੰਦਰ ਸੈਣੀ, ਗੁਰਮੁਖ ਸਿੰਘ ਸੈਣੀ, ਇੰਜ. ਹਰਜੀਤ ਸਿੰਘ, ਸ.ਰਾਮ ਸਿੰਘ ਸੈਣੀ, ਬਹਾਦੁਰਜੀਤ ਸਿੰਘ, ਐਡ. ਰਵਿੰਦਰ ਮੁੰਦਰਾ, ਰਾਜਿੰਦਰ ਸਿੰਘ ਨਨੂੰਆ, ਅਮਰਜੀਤ ਸਿੰਘ, ਰਾਜਿੰਦਰ ਸਿੰਘ ਗਿਰਨ, ਦਲਜੀਤ ਸਿੰਘ, ਜਗਦੇਵ ਸਿੰਘ, ਮੈਨੇਜਰ ਹਰਦੀਪ ਸਿੰਘ, ਸ. ਪ੍ਰਿਤਪਾਲ ਸਿੰਘ ਤੇ ਸੁਰਿੰਦਰ ਸਿੰਘ ਤੋਂ ਇਲਾਵਾ ਪ੍ਰਸਿੱਧ ਸਮਾਜਸੇਵੀ ਸ.ਮਨਜੀਤ ਸਿੰਘ ਤੰਬੜ, ਰਿਟਾ. ਚੀਫ਼ ਇੰਜ. ਤੇਜਪਾਲ ਸਿੰਘ, ਅਤੇ ਇੰਨਰਵੀਲ੍ਹ ਕਲੱਬ ਦੇ ਡਾ. ਨਮਰਤਾ ਪਰਮਾਰ, ਮਨਦੀਪ ਕੌਰ, ਕੁਲਵਿੰਦਰ ਕੌਰ ਸੈਣੀ, ਤ੍ਰਿਪਤਾ ਚਾਨਣਾ, ਕੁਸਮ ਸ਼ਰਮਾ ਅਤੇ ਊਸ਼ਾ ਭਾਟੀਆ ਹਾਜ਼ਰ ਸਨ।

**ਤੀਆਂ ਦੇ ਤਿਉਹਾਰ ਦਾ ਆਯੋਜਨ–** ਸੈਣੀ ਭਵਨ ਰੂਪਨਗਰ ਵਿਖੇ 7 ਅਗਸਤ, 2023 ਨੂੰ ਤੀਆਂ ਦਾ ਤਿਉਹਾਰ ਮਨਾਇਆ ਗਿਆ। ਇਸ ਸਮੇਂ ਸੰਸਥਾ ਵਿੱਚ ਭਿੰਨ ਭਿੰਨ ਕਿੱਤਾ ਸਿਖਲਾਈ ਕੋਰਸ ਕਰ ਰਹੀਆਂ ਸਿਖਿਆਰਣਾਂ ਨੇ ਗਿੱਧੇ, ਬੋਲੀਆਂ ਅਤੇ ਸਮੂਹ ਗਾਣਿਆਂ ਨਾਲ ਨੱਚ ਟੱਪ ਕੇ ਖੁਸ਼ੀਆਂ ਮਨਾਈਆਂ ਅਤੇ ਸਰੋਤਿਆਂ ਨੂੰ ਮੰਤਰਮੁਗਧ ਕੀਤਾ। ਇਸ ਵਿੱਚ ਇੰਟਰਵੀਲ੍ਹ ਕਲੱਬ ਦੀਆਂ ਮੈਂਬਰਾਂ ਨੇ ਸ਼ਾਮਲ ਹੋ ਕੇ ਖੂਬ ਰੰਗ ਬੰਨ੍ਹਿਆ। ਇਸ ਸਮੇਂ ਪ੍ਰਧਾਨ ਮਨਦੀਪ ਕੌਰ, ਸਕੱਤਰ ਕੁਲਵਿੰਦਰ ਕੌਰ ਸੈਣੀ, ਸੁਮਨ ਤਿਆਗੀ, ਕਿਰਨ ਆਹਲੂਵਾਲੀਆ, ਸਾਂਚੀ, ਗੁਰਮੀਤ ਕੌਰ ਤੇ ਰਾਜਿੰਦਰ ਕੌਰ ਨੇ ਆਪਣੇ ਸੱਭਿਆਚਾਰਕ ਗੀਤਾਂ ਨਾਲ ਖੁਸ਼ੀਆਂ ਵਿੱਚ ਭਰਪੂਰ ਵਾਧਾ ਕੀਤਾ। ਸਮਾਗਮ ਨੂੰ ਡਾ. ਜਸਵੰਤ ਕੌਰ ਸੈਣੀ ਤੇ ਇੰਦਰਜੀਤ ਕੌਰ, ਨੇ ਸੰਬੋਧਨ ਕਰਦਿਆਂ ਤੀਆਂ ਦੇ ਤਿਉਹਾਰ ਦੀ ਮਹੱਤਤਾ ਅਤੇ ਇਤਿਹਾਸ 'ਤੇ ਚਾਨਣਾ ਪਾਇਆ। ਸੈਣੀ ਭਵਨ ਦੇ ਪ੍ਰਧਾਨ ਨੇ ਸਾਰਿਆਂ ਨੂੰ ਤੀਆਂ ਦੀਆਂ ਵਧਾਈਆਂ ਦਿੱਤੀਆਂ ਅਤੇ ਰਾਜਿੰਦਰ ਸੈਣੀ ਨੇ ਸਟੇਜ-ਸੰਚਾਲਨ ਕੀਤਾ। ਇਸ ਮੌਕੇ ਸੈਣੀ ਭਵਨ ਦੇ ਪ੍ਰਬੰਧਕਾਂ ਤੋਂ ਇਲਾਵਾ ਪਿੰਸੀਪਲ ਰਾਵਿੰਦਰ ਕੌਰ, ਭਗਵੰਤ ਕੌਰ, ਵਿਜੈ ਲਕਸ਼ਮੀ, ਬਲਵਿੰਦਰ ਕੌਰ ਅਤੇ ਹੋਰ ਕਈ ਪ੍ਰਮੁੱਖ ਸ਼ਹਿਰੀ ਮਹਿਲਾਵਾਂ ਹਾਜ਼ਰ ਸਨ। ਪ੍ਰੋਗਰਾਮ ਵਿੱਚ ਪੇਸ਼ ਕੀਤੀਆਂ ਆਈਟਮਾਂ ਇਸ ਸੰਸਥਾ ਦੀ ਸਿਲਾਈ

ਬਾਕੀ ਪੰਨਾ 19 'ਤੇ.......

ਸਾਡਾ ਗੌਰਵਮਈ ਇਤਿਹਾਸ

# ਭੁੱਲਿਆ-ਵਿਸਰਿਆ ਸੰਗੀਤਕਾਰ - ਭਗਵਾਨ ਦਾਸ ਸੈਣੀ

ਡਾ. ਕੁਲਵੰਤ ਕੌਰ
ਪਟਿਆਲਾ



ਸੈਣੀ ਕੌਮ ਨੂੰ ਇਹ ਫ਼ਖ਼ਰ ਹੈ ਕਿ ਉਸ ਦੇ ਸਪੂਤ ਜੀਵਨ ਦੇ ਹਰ ਖੇਤਰ ਵਿੱਚ ਕਾਮਯਾਬੀ ਨਾਲ ਵਿਚਰੇ ਹਨ। ਇਨ੍ਹਾਂ ਨੇ ਨਵੇਂ ਕੀਰਤੀਮਾਨ ਅਤੇ ਦਿਸਹੱਦੇ ਕਾਇਮ ਕਰਨ ਦੇ ਉਪਰਾਲੇ ਕੀਤੇ ਹਨ। ਇਨ੍ਹਾਂ ਵਿੱਚ ਹਲਵਾਈ ਘਰਾਣੇ ਦੇ ਜੰਮਪਲ ਸ਼੍ਰੀ ਭਗਵਾਨ ਦਾਸ ਸੈਣੀ ਸ਼ਾਮਲ ਹਨ ਜਿਨ੍ਹਾਂ ਨੇ ਸੰਗੀਤ ਦੇ ਖੇਤਰ ਵਿੱਚ ਨਾਮਣਾ ਖੱਟਿਆ। ਇਹ ਭਗਵਾਨ ਦਾਸ ਸੈਣੀ ਹੀ ਸੀ ਜਿਸ ਨੂੰ ਆਲ ਇੰਡੀਆ ਰੇਡੀਓ ਜਲੰਧਰ ਦੀ ਸਥਾਪਤੀ ਸਮੇਂ ਸਭ ਤੋਂ ਪਹਿਲਾਂ ਆਪਣਾ ਕਲਾਮ ਪੇਸ਼ ਕਰਨ ਦਾ ਮੌਕਾ ਮਿਲਿਆ।

ਭਗਵਾਨ ਦਾਸ ਦਾ ਜਨਮ ਨਵੰਬਰ ,1899 ਵਿੱਚ ਕਪੂਰਥਲਾ ਵਿਖੇ ਚੌਧਰੀ ਚਾਨਣ ਰਾਮ ਸੈਣੀ ਅਤੇ ਮਾਤਾ ਰਾਜ ਦੇਵੀ ਦੇ ਘਰ ਹੋਇਆ। ਉਸ ਨੇ ਮੁਢਲੀ ਸਿੱਖਿਆ ਆਪਣੇ ਪਿਤਾ ਤੋਂ ਹਾਸਲ ਕੀਤੀ ਪਰ ਜਲਦੀ ਹੀ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ। ਉਸ ਨੂੰ ਬਚਪਨ ਵਿੱਚ ਹੀ ਗਾਉਣ ਦਾ ਸ਼ੌਕ ਪੈਦਾ ਹੋ ਗਿਆ ਜਿਸ ਨੂੰ ਪੂਰਾ ਕਰਨ ਲਈ ਉਹ ਮਹਾਰਾਜਾ ਕਪੂਰਥਲਾ ਦੇ ਪੁੱਤਰ ਵਲੋਂ ਸਥਾਪਿਤ ਸਰਕਾਰੀ ਕਲੱਬ ਕਪੂਰਥਲਾ ਦਾ ਮੈਂਬਰ ਬਣ ਗਿਆ। ਭਗਵਾਨ ਦਾਸ ਦੀ ਸੁਰੀਲੀ ਆਵਾਜ਼ ਨੇ ਕਈ ਪ੍ਰਸਿੱਧ ਕਲਾਕਾਰਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਉਸ ਨੂੰ 1921 ਵਿੱਚ 'ਬਾਲੀਬਾਲਾ ਵਿਕਟੋਰੀਆ ਥੀਏਟਰੀਕਲ ਕੰਪਨੀ' ਵਿੱਚ ਨੌਕਰੀ ਮਿਲ ਗਈ। ਸੱਤਵਾਦੀ ਹਰੀਸ਼ ਚੰਦਰ ਦੀ ਪਹਿਲੀ ਫਿਲਮ ਇਸ ਕੰਪਨੀ ਨੇ ਹੀ ਬਣਾਈ। ਭਗਵਾਨ ਦਾਸ ਨੇ ਆਪਣੀ ਪ੍ਰਭਾਵਸ਼ਾਲੀ ਅਦਾਕਾਰੀ ਨਾਲ ਇਸ ਕੰਪਨੀ ਨੂੰ ਸਾਰੇ ਭਾਰਤ ਵਿੱਚ ਮਸ਼ਹੂਰ ਕਰ ਦਿੱਤਾ। ਇਸ ਸਦਕਾ ਉਸ ਨੂੰ ਦੇਸ਼-ਵਿਦੇਸ਼ ਵਿੱਚ ਨਾਟਕ ਕਰਨ ਦਾ ਮੌਕਾ ਮਿਲਿਆ। ਮਹਾਰਾਜਾ ਮੈਸੂਰ ਨੇ ਇਸ ਦੀ ਗਾਇਕੀ ਤੋਂ ਪ੍ਰਭਾਵਿਤ ਹੋ ਕੇ ਆਪਣੇ ਮਹਿਲ ਵਿੱਚ ਬੁਲਾਇਆ ਅਤੇ ਸੋਨ ਤਮਗਿਆਂ ਨਾਲ ਸਨਮਾਨਿਤ ਕੀਤਾ।

ਭਗਵਾਨ ਦਾਸ ਨੇ ਔਖੇ ਘਰੇਲੂ ਹਾਲਾਤਾਂ ਦਾ ਸਾਹਮਣਾ ਕਰਦੇ ਹੋਏ ਨਾਮੀ ਗਾਇਕ ਮਾਸਟਰ ਵਲੀ ਮੁਹੰਮਦ ਸਾਹਬ ਤੋਂ 'ਧਰੁਪਦ' ਗਾਇਕੀ ਦੀ ਸਿੱਖਿਆ ਲਈ ਅਤੇ ਪਿੱਛੋਂ ਕਰੀਬ ਦਸ ਸਾਲ ਕਪੂਰਥਲਾ ਘਰਾਣੇ ਦੇ ਪੀਰ ਮੁਰਸ਼ਦ ਅਬਦੁਲ ਰਹੀਮ ਖਾਨ ਦੀ ਸੰਗਤ ਕੀਤੀ। ਜੰਮੂ ਕਸ਼ਮੀਰ ਦੇ ਮਹਾਰਾਜਾ ਹਰੀ ਸਿੰਘ ਦੀ ਤਾਜਪੋਸ਼ੀ ਸਮੇਂ ਉਸ ਦੀ ਮੁਲਾਕਾਤ ਸੰਗੀਤ ਪਾਰਖੂ ਪੰਡਿਤ ਅਮੀਂ ਚੰਦ ਨਾਲ ਹੋਈ ਜਿਸ ਨੇ ਉਸ ਨੂੰ ' ਖ਼ਿਆਲ ਗਾਇਨ' ਦੇ ਮਾਹਰ ਪੰਡਤ ਦਲੀਪ ਚੰਦਰ ਬੇਦੀ ਨਾਲ ਮਿਲਾਇਆ। 1933-34 ਦੇ ਵਰ੍ਹਿਆਂ ਵਿੱਚ ਭਗਵਾਨ ਦਾਸ ਨੇ 'ਜੰਗੇ ਆਜ਼ਾਦੀ' ਅਤੇ 'ਸ਼ਾਹੀ ਲੱਕੜਹਾਰਾ' ਜਿਹੀਆਂ ਪ੍ਰਸਿੱਧ ਫਿਲਮਾਂ ਵਿੱਚ ਪ੍ਰਭਾਵਸ਼ਾਲੀ ਅਦਾਕਾਰੀ ਕੀਤੀ। ਫਿਰ ਉਹ ਨਨਕਾਣਾ ਸਾਹਿਬ ਚਲੇ ਗਿਆ ਜਿੱਥੇ 12-13 ਸਾਲ ਬਿਤਾਏ ਜਿੱਥੇ ਪ੍ਰਸਿੱਧ ਕੀਰਤਨੀਏ ਭਾਈ ਸਮੁੰਦ ਸਿੰਘ ਨਾਲ ਮਿੱਤਰਤਾ ਕਾਇਮ ਕਰ ਲਈ। ਇੱਥੇ ਉਹ ਨਾਟਕ ਅਤੇ ਰੰਗਮੰਚ ਦੇ ਨਵੇਂ ਪ੍ਰਯੋਗ ਕਰਦਾ ਰਿਹਾ।



ਦੇਸ਼-ਵੰਡ ਪਿੱਛੋਂ ਉਹ ਆਪਣੇ ਜੱਦੀ-ਪੁਸ਼ਤੀ ਪਿੰਡ, ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਣਕਢੇਰੀ ਵਿਚ ਆ ਟਿਕਿਆ। ਜਲਦੀ ਹੀ ਉਸ ਨੇ ਹੁਸ਼ਿਆਰਪੁਰ ਵਿਖੇ 'ਸ਼੍ਰੀ ਭਾਸਕਰ ਸੰਗੀਤ ਮਹਾਂ ਵਿਦਿਆਲਾ' ਚਾਲੂ ਕਰ ਲਿਆ ਜਿਸ ਨੂੰ ਪ੍ਰਯਾਗ ਸੰਗੀਤ ਇਲਾਹਾਬਾਦ ਨਾਲ ਐਫਲੀਏਟ ਕਰਵਾ ਲਿਆ। ਉਸ ਨੇ ਆਪਣਾ ਅਸਰ ਰਸੂਖ ਵਰਤ ਕੇ ਅੱਠਵੀਂ ਜਮਾਤ ਤੋਂ ਹੀ ਸੰਗੀਤ ਵਿਸ਼ਾ ਚਾਲੂ ਕਰਵਾ ਦਿੱਤਾ। ਦੂਰੋਂ ਪਾਰੋਂ ਅਤੇ ਦੇਸ਼ਾਂ ਵਿਦੇਸ਼ਾਂ ਤੋਂ ਵਿਦਿਆਰਥੀ ਇਸ ਸੰਗੀਤ ਵਿਦਿਆਲਾ ਵਿੱਚ ਸਿੱਖਿਆ ਹਸਲ ਕਰਨ ਲਈ ਆਉਣ ਲਗ ਪਏ। ਸ਼ਾਂਤੀਨਿਕੇਤਨ ਨੁਮਾ ਇਸ ਸਕੂਲ ਦੀ ਰੂਹੇ ਰਵਾਂ ਉਹ ਖੁਦ ਸੀ। ਸੰਗੀਤ ਵਿਸ਼ੇ ਵਿੱਚ ਮਾਸਟਰ ਡਿਗਰੀ ਲੈ ਕੇ ਉਸ ਦੇ ਬਹੁਤ ਸਾਰੇ ਸ਼ਗਿਰਦ ਰੇਡੀਓ ਅਤੇ ਟੀਵੀ ਕਲਾਕਾਰ ਬਣ ਕੇ ਪ੍ਰਸਿੱਧ ਹੋਏ। ਹਰ ਸੰਗੀਤ ਸੰਮੇਲਨ ਵਿੱਚ ਉਸ ਦੇ ਸ਼ਿਸ਼ ਹਾਜ਼ਰ ਹੁੰਦੇ ਹਨ।

ਸੰਨ 1970 ਵਿੱਚ ਪੰਚਾਲ ਲਲਿਤ ਕਲਾ ਅਕੈਡਮੀ ਚੰਡੀਗੜ੍ਹ ਨੇ ਉਸ ਨੂੰ ਵਕਾਰੀ ਇਸ ਸੰਸਥਾ ਦਾ ਪ੍ਰਿਸੀਪਲ ਨਿਯੁਕਤ ਕਰ ਕੇ ਉਸ ਦੀ ਕਲਾ ਸਾਧਨਾ ਦਾ ਮਾਣ ਕੀਤਾ। ਇੱਥੇ ਉਸ ਨੇ ਐਮ.ਏ. ਸੰਗੀਤ ਦੇ ਵਿਦਿਆਰਥੀਆਂ ਨੂੰ ਬਹੁਮੁੱਲੀ ਅਗਵਾਈ ਦਿੱਤੀ। ਚੰਡੀਗੜ੍ਹ ਵਿਖੇ ਉਸ ਨੇ 'ਸ਼੍ਰੀ ਭਾਸਕਰ ਸੰਗੀਤ ਮਹਾਂ ਵਿਦਿਆਲਾ' ਵੀ ਚਲਾਇਆ। ਉਸ ਨੇ ਫਿਰ ਦੋ ਸਾਲ 'ਪ੍ਰਾਚੀਨ ਕਲਾ ਚੰਡੀਗੜ੍ਹ' ਦੇ ਪ੍ਰਿੰਸੀਪਲ ਵਜੋਂ ਸੇਵਾ ਨਿਭਾ ਕੇ ਸੰਗੀਤ ਦਾ ਚਾਨਣ ਫੈਲਾਇਆ। ਇੱਕ ਕਲਾਕਾਰ, ਕਲਾ ਪਾਰਖੂ ਅਤੇ ਕਲਾ ਤੇਜਸਵੀ ਭਗਵਾਨ ਦਾਸ ਦਾ ਪ੍ਰਿੰਸੀਪਲ ਜਿਹੇ ਪ੍ਰਬੰਧਕੀ ਕਾਰਜ ਵਿੱਚ ਸਫ਼ਲ ਹੋਣਾ ਵੀ ਉਸ ਦੀ ਯੋਗਤਾ ਨੂੰ ਪ੍ਰਗਟ ਕਰਦਾ ਹੈ। ਇਸ ਕ੍ਰਿਸ਼ਮਈ ਪ੍ਰਤਿਭਾ ਨੇ ਉਸ ਨੂੰ ਕਿਤੇ ਵੀ ਟਿਕਣ ਨਹੀਂ ਦਿੱਤਾ। ਇਸ ਲਈ ਉਹ ਸੰਗੀਤ ਵਿੱਦਿਆ ਪ੍ਰਦਾਨ ਕਰਨ ਲਈ ਬਰਨਾਲਾ ਚਲੇ ਗਿਆ ਅਤੇ ਫਿਰ ਚੰਡੀਗੜ੍ਹ ਪਰਤ ਆਇਆ।

ਉਸ ਨੂੰ ਆਪਣੇ ਜੀਵਨ ਕਾਲ ਵਿੱਚ ਕਈ ਮਾਣ-ਸਨਮਾਨ ਹਾਸਲ ਹੋਏ। 1978 ਵਿੱਚ ਪੰਜਾਬ ਸਰਕਾਰ ਨੇ

ਉਸ ਨੂੰ ਸੰਗੀਤ ਨਾਟਕ ਅਕੈਡਮੀ ਨਵੀਂ ਦਿੱਲੀ ਦੀ ਜਨਰਲ ਕੌਂਸਲ ਵਿੱਚ ਪੰਜ ਸਾਲ ਲਈ ਮੈਂਬਰ ਨਿਯੁਕਤ ਕਰ ਕੇ ਉਸ ਦੀ ਘਾਲਣਾ ਦਾ ਸਤਿਕਾਰ ਕੀਤਾ। ਉਹ 'ਪੰਜਾਬ ਕਲਾ ਪਰਿਸ਼ਦ' ਦਾ ਮੈਂਬਰ ਵੀ ਰਿਹਾ। ਉਸ ਨੇ ਆਪਣਾ ਸਾਰਾ ਜੀਵਨ ਸੰਗੀਤ ਨੂੰ ਅਰਪਣ ਕਰ ਦਿੱਤਾ। ਉਹ ਇਸ ਅਦੁੱਤੀ ਕਲਾ ਦੀ ਸੇਵਾ ਕਰਦਿਆਂ ਵਿਸ਼ਵ ਸ਼ਾਂਤੀ ਦਾ ਸੰਚਾਲਕ ਬਣ ਗਿਆ। ਤਿਆਗੀ ਤੇ ਵਿਰਾਗੀ ਭਗਵਾਨ ਦਾਸ ਸੈਣੀ ਨੇ ਕੋਈ ਜਾਇਦਾਦਾਂ ਨਹੀਂ ਬਣਾਈਆਂ। ਇਸ ਕਾਰਨ ਉਹ ਜਲੰਧਰ ਵਿਖੇ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਰਿਹਾ। ਪੂਰੀ ਸਦੀ ਤੱਕ ਉਹ ਆਪਣੀ ਠਣਕਵੀਂ ਤੇ ਸੁਰੀਲੀ ਆਵਾਜ਼ ਨਾਲ ਸਰੋਤਿਆਂ ਨੂੰ ਮੰਤਰਮੁਗਧ ਕਰਦਾ ਰਿਹਾ।

ਸੰਗੀਤ ਹਲਕਿਆਂ ਵਿੱਚ ਆਪਣਾ ਇੱਕ ਵਿਲੱਖਣ ਸਥਾਨ ਬਣਾ ਲੈਣ ਵਾਲਾ, ਅਦਾਕਾਰੀ ਖੇਤਰ ਵਿੱਚ ਮਹੱਤਵਪੂਰਨ ਉਪਲਬਧੀਆਂ ਕਰਨ ਵਾਲਾ ਅਤੇ ਆਪਣੇ ਨਿੱਜੀ ਸੁੱਖਾਂ-ਦੁਖਾਂ ਨੂੰ ਸਮੂਹਿਕ ਰੂਪ ਦੇਣ ਵਾਲਾ ਇਹ ਨਾਮੀ ਸੰਗੀਤਕਾਰ ਅਤੇ ਸੰਗੀਤ ਆਚਾਰੀਆ ਪ੍ਰਸਿੱਧੀ ਦੀ ਟੀਸੀ 'ਤੇ ਪੁੱਜ ਕੇ ਸੈਣੀ ਸਮਾਜ ਦਾ ਮਾਣ ਬਣਿਆਂ ਹੈ। ਪੂਰੀ ਸੈਣੀ ਬਰਾਦਰੀ ਨੂੰ ਇਸ ਕਰਮਯੋਗੀ 'ਤੇ ਅੰਤਾਂ ਦਾ ਮਾਣ ਹੈ।

## ਸੈਣੀ ਖਿਡਾਰੀ ਦਾ ਕ੍ਰਿਸ਼ਮਾ



ਰੂਪਨਗਰ ਜ਼ਿਲ੍ਹੇ ਦੇ ਪਿੰਡ ਹਜ਼ਾਰਾ ਦੇ ਸੈਣੀ ਪਰਿਵਾਰ ਵਿੱਚ ਸ. ਗੁਰਜੀਤ ਸਿੰਘ ਦੇ ਘਰ ਜਨਮੇ **ਪਰਮਵੀਰ ਸਿੰਘ** ਨੇ ਕਾਮਨਵੈਲਥ ਵੇਟ੍ਹਲਿਫਟਿੰਗ ਖੇਡ ਮੁਕਾਬਲੇ ਵਿੱਚ ਦੋ ਸੋਨ ਤਮਗੇ ਜਿੱਤ ਕੇ ਇਤਿਹਾਸ ਸਿਰਜਿਆ ਹੈ। ਨੋਇਡਾ ਵਿਖੇ 11 ਤੋਂ 16 ਜੁਲਾਈ, 2023 ਤੱਕ ਹੋਈ ਚੈਂਪੀਅਨਸ਼ਿਪ ਵਿੱਚ ਇਸ 16 ਸਾਲ ਦੇ ਨੌਜਵਾਨ ਨੇ ਯੂਥ ਅਤੇ ਜੂਨੀਅਰ ਵਰਗ ਦੇ ਦੋ ਮੁਕਾਬਲਿਆਂ ਵਿੱਚ ਕੁੱਲ 306 ਕਿੱਲੋਗ੍ਰਾਮ ਭਾਰ ਚੁੱਕ ਕੇ ਚੈਂਪੀਅਨਸ਼ਿਪ ਖਿਤਾਬ ਜਿੱਤਿਆ ਹੈ। ਪਰਮਵੀਰ ਸਿੰਘ ਨੇ ਚੰਡੀਗੜ੍ਹ ਵਲੋਂ ਖੇਡਦਿਆਂ ਪਹਿਲੀ ਵਾਰ ਰਿਕਾਰਡ ਕਾਇਮ ਕਰ ਦਿੱਤਾ ਹੈ। ਉਸ ਨੇ 10 ਸਾਲ ਦੀ ਉਮਰ ਵਿੱਚ ਹੀ ਸੈਕਟਰ-42 ਦੇ ਸਟੇਡੀਅਮ ਵਿੱਚ ਵੇਟ੍ਹਲਿਫਟਿੰਗ ਦੀ ਪ੍ਰੈਕਟਿਸ ਸ਼ੁਰੂ ਕਰ ਦਿੱਤੀ ਸੀ। ਉਸ ਦਾ ਵੱਡਾ ਭਰਾ ਵੀ ਕੌਮੀ ਪੱਧਰ ਦਾ ਵੇਟ੍ਹਲਿਫਟਰ ਹੈ। ਇਨ੍ਹਾਂ ਹੋਣਹਾਰ ਖਿਡਾਰੀ ਭਰਾਵਾਂ ਦੀਆਂ ਪ੍ਰਾਪਤੀਆਂ ਸਦਕਾ ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਨੇ ਅਪ੍ਰੈਲ 2022 ਵਿੱਚ ਇਨ੍ਹਾਂ ਨੂੰ ਸਨਮਾਨਿਤ ਕੀਤਾ ਸੀ। ਪਰਮਵੀਰ ਸਿੰਘ ਦੇ ਪਰਿਵਾਰ ਨੂੰ ਬਹੁਤ ਬਹੁਤ ਵਧਾਈ ਹੋਵੇ।

## Donors of Saini Bhawan during the preceeding three months( July-September, 2023)

**A) To Kaka Ram Saini Charitable Trust For the development works-**

1. Advocate Kamal Singh Saini # v. Katli Distt. Rupnagar= Rs.11000/
2. Harminder Kaur w/o Late S. Amrik Singh, # 21, Ranjit Avenue Rupnagar= Rs.11000/
3. Innerwheel Club Rupnagar= Rs. 5200/( 3100+2100)
4. Dr. Jaswant Kaur Saini, Trustee Saini Bhawan= Rs.2100/
5. Distt. Police Sanjh Kendra Rupnagar(CPRC)= Rs.2000/
6. S. Ram Singh Saini, Trustee Saini Bhawan= Rs.1100/
7. S. Gurmukh Singh Saini, Trustee Saini Bhawan= Rs.1100/
8. Er. Harjit Singh, Trustee Saini Bhawan= Rs.1100/
9. Smt. Inderjit Kaur Walia, Rupnagar= Rs. 1000/
10. Smt. Bhagwant Kaur Bala, Rupnagar = Rs.500/
11. Principal Ravinder Kaur, Ranjit Avenue Rupnagar= Rs.500/
12. Smt. Kiran Ahluwalia, Innerwheel Club Rupnagar= Rs.500/
13. Smt. Tripta Channa Innerwheel Club,Rupnagar= Rs.500/
14. Sh. K.L Kapoor, Rupnagar=Rs.500/

In addition M/S Rajni Herbals Malakpur donated gift items and Guru Nanak Karyana Store Paprala donated refreshment to blood donors in Blood Donation Camp.

ਸਵ: ਅਜੀਤ ਸੈਣੀ
ਜਲੰਧਰ

ਕਹਾਣੀ

# ਮਿੱਟੀ ਦੀ ਮਹਿਕ



'ਭਾਰਤ ਮਾਤਾ ਕੀ ਜੈ'!.... 'ਹਮਾਰਾ ਨਾਅਰਾ, ਦਿੱਲੀ ਚਲੋ'!...... 'ਕੌਮੀ ਨਾਅਰਾ ਜੈ ਹਿੰਦ'!....

ਸਾਰੀ ਫ਼ਿਜ਼ਾ ਨਾਅਰਿਆਂ ਨਾਲ ਗੂੰਜ ਰਹੀ ਸੀ ਅਤੇ ਗੁਲਾਮ ਨਬੀ ਖ਼ੂਨ ਵਿੱਚ ਲੱਥਪੱਥ ਆਪਣੇ ਅੰਤਲੇ ਸੁਆਸਾਂ 'ਤੇ ਸੀ। ਉਸ ਦਾ ਖ਼ੂਨ ਉਸ ਦੇ ਹੋਰ ਕਈ ਸਾਥੀਆਂ ਦੇ ਖ਼ੂਨ ਨਾਲ ਰਲ ਗੱਡ ਹੋ ਰਿਹਾ ਸੀ। ਪਰ ਉਹ ਫਿਰ ਵੀ ਖੁਸ਼ ਸੀ। ਉਸ ਦਾ ਮਨ ਸ਼ਾਂਤ ਸੀ, ਉਸ ਦੀ ਸੱਧਰ ਅੰਤ ਵਿੱਚ ਪੂਰੀ ਹੋ ਗਈ ਸੀ। ਉਹ ਆਪਣੀ ਜਨਮ ਭੂਮੀ ਦੇ ਦਰਸ਼ਨ ਕਰਨ ਅਤੇ ਉਸ ਉੱਤੇ ਆਜ਼ਾਦ ਹਿੰਦ ਦੀ ਆਰਜ਼ੀ ਹਕੂਮਤ ਦਾ ਝੰਡਾ ਗੱਡਣ ਵਿੱਚ ਸਫ਼ਲ ਹੋ ਗਿਆ ਸੀ। ਆਪਣੇ ਦੇਸ਼ ਦੀ ਮਿੱਟੀ ਦੀ ਸੁਗੰਧੀ ਉਸ ਦੇ ਸੁਆਸਾਂ ਵਿੱਚ ਰਚਮਿਚ ਰਹੀ ਸੀ ਅਤੇ ਉਹ ਕਿਸੇ ਅਗੰਮੀ ਮਸਤੀ ਵਿੱਚ ਗੜੂੰਦ ਆਪਣੇ ਜ਼ਖਮਾਂ ਦੀ ਪੀੜ ਨੂੰ ਵੀ ਭੁੱਲ ਗਿਆ ਸੀ।

ਗੁਲਾਮ ਨਬੀ ਵੀਹ ਪੱਚੀ ਵਰ੍ਹੇ ਹੋਏ, ਹੋਸ਼ ਸੰਭਾਲਣ ਤੋਂ ਪਹਿਲਾਂ ਹੀ ਆਪਣੇ ਮਾਂ-ਪਿਉ ਨਾਲ ਸਿੰਘਾਪੁਰ ਆ ਗਿਆ ਸੀ, ਜਿੱਥੇ ਉਨ੍ਹਾਂ ਦਾ ਕਪੜੇ ਦਾ ਬੜਾ ਚੰਗਾ ਕਾਰੋਬਾਰ ਸੀ। ਉਸ ਦੀ ਸ਼ਾਦੀ ਵੀ ਉੱਥੇ ਹੀ ਹੋ ਗਈ ਸੀ।

ਭਾਵੇਂ ਹੁਣ ਉਹ ਆਪਣੀ ਜਨਮ ਭੂਮੀ ਤੋਂ ਬਹੁਤ ਦੂਰ ਸੀ ਪਰ ਭਾਰਤ ਬਾਰੇ ਇਤਿਹਾਸ ਤੇ ਖ਼ਬਰਾਂ ਪੜ੍ਹ-ਪੜ੍ਹ ਕੇ ਗਾਂਧੀ ਤੇ ਨਹਿਰੂ ਸਬੰਧੀ ਗੱਲਾਂ ਸੁਣ-ਸੁਣ ਕੇ ਉਸ ਦੀ ਭਾਰਤ ਲਈ ਦਿਲਚਸਪੀ ਤੇ ਪਿਆਰ ਦਿਨੋਂ ਦਿਨ ਵਧਦਾ ਹੀ ਗਿਆ। ਗੁਲਾਮ ਨਬੀ ਨੇ ਪਹਿਲਾਂ ਇੱਕ ਦੋ ਵੇਰ ਆਪਣੇ ਪਿਤਾ ਨਾਲ ਭਾਰਤ ਜਾਣ ਦਾ ਪ੍ਰੋਗਰਾਮ ਬਣਾਇਆ ਸੀ ਪਰ ਐਨ ਵੇਲੇ ਸਿਰ ਕੋਈ ਅੜਚਨ ਪੈ ਜਾਂਦੀ ਤੇ ਫਿਰ ਉਸ ਦੇ ਪਿਤਾ ਦੀ ਮੌਤ ਹੋ ਗਈ ਅਤੇ ਉਸ ਦੇ ਭਾਰਤ ਜਾਣ ਦੀ ਸੱਧਰ ਪੂਰੀ ਨਾ ਹੋ ਸਕੀ।

ਇਸ ਦੇ ਬਾਵਜੂਦ ਉਸ ਦੇ ਮਨ ਵਿੱਚ ਦੇਸ਼ ਨੂੰ ਵੇਖਣ ਦੀ ਇੱਛਾ ਤੀਬਰ ਹੁੰਦੀ ਗਈ। ਆਪਣੇ ਦੇਸ਼ ਤੇ ਦੇਸ਼ਵਾਸੀਆਂ ਦੀ ਕਦਰ ਪਰਦੇਸ ਜਾ ਕੇ ਹੀ ਹੁੰਦੀ ਹੈ। ਆਪਣੇ ਦੇਸ਼ ਦੀ ਮਿੱਟੀ, ਨਦੀ-ਨਾਲੇ, ਬੇਲ-ਬੂਟੇ, ਪਹਾੜ ਤੇ ਜੰਗਲ ਵੇਖਣ ਲਈ ਜੀਅ ਤਰਸ ਜਾਂਦਾ ਹੈ। ਪਰਦੇਸ ਵਿੱਚ ਜੇ ਕੋਈ ਆਪਣੇ ਦੇਸ਼ ਤੋਂ ਨਵਾਂ-ਨਵਾਂ ਆਇਆ ਵਿਅਕਤੀ ਮਿਲ ਜਾਏ ਤਾਂ ਉਸ ਨੂੰ ਗਲ਼ ਨਾਲ ਲਾ ਕੇ ਮਿਲਣ ਨੂੰ ਦਿਲ ਕਰਦਾ ਹੈ। ਪਰਦੇਸ ਵਿੱਚ ਆਪਣੇ ਦੇਸ਼ ਦੀ ਯਾਦ ਦਿਲ ਦੇ ਕਿਸੇ ਨਾ ਕਿਸੇ ਖੂੰਜੇ ਵਿੱਚੋਂ ਉੱਠਦੀ ਹੀ ਰਹਿੰਦੀ ਹੈ।

ਇਸੇ ਲਈ ਗੁਲਾਮ ਨਬੀ ਨੇ ਆਪਣੇ ਕਾਰੋਬਾਰ ਨੂੰ ਆਪਣੇ ਸਹਾਇਕ ਦੇ ਹਵਾਲੇ ਕਰ ਕੇ ਕੁੱਝ ਚਿਰ ਲਈ ਭਾਰਤ ਯਾਤਰਾ ਦਾ ਪ੍ਰੋਗਰਾਮ ਬਣਾਇਆ। ਪਰ ਮੰਦੇ ਭਾਗਾਂ ਨੂੰ ਉਨ੍ਹੀਂ ਦਿਨੀਂ ਦੂਜਾ ਵਿਸ਼ਵ ਯੁੱਧ ਛਿੜ ਗਿਆ ਅਤੇ ਉਸ ਦੀ ਭਾਰਤ ਫੇਰੀ ਰੁਕ ਗਈ।

ਫਿਰ ਮਲਾਇਆ ਵਿੱਚ ਵੀ ਲੜਾਈ ਛਿੜ ਗਈ। ਜਾਪਾਨੀਆਂ ਨੇ ਹਮਲਾ ਕਰ ਕੇ ਨਾ ਕੇਵਲ ਮਲਾਇਆ ਵਿੱਚੋਂ ਹੀ ਸਗੋਂ ਬਰਮਾ ਵਿੱਚੋਂ ਵੀ ਇਤਹਾਦੀ ਫੌਜਾਂ ਨੂੰ ਨਸਾ ਦਿੱਤਾ।

ਭਾਰਤ ਨੂੰ ਵਿਦੇਸ਼ੀ ਗੁਲਾਮੀ ਤੋਂ ਆਜ਼ਾਦ ਕਰਾਉਣ ਲਈ ਇਹ ਇੱਕ ਅਤਿ ਢੁਕਵਾਂ ਅਵਸਰ ਸੀ। ਭਾਰਤ ਵਿੱਚ ਕਾਂਗਰਸ ਨੇ ਅੰਗਰੇਜ਼ਾਂ ਵਿਰੁੱਧ 'ਹਿੰਦੁਸਤਾਨ ਛੋੜ ਦੋ' ਅੰਦੋਲਨ ਸ਼ੁਰੂ ਕਰ ਰੱਖਿਆ ਸੀ। ਇਸੇ ਲਈ ਬਾਹਰੋਂ ਹਮਲਾ ਕਰ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਦੱਖਣਪੂਰਬੀ ਏਸ਼ੀਆ ਵਿੱਚ ਰਹਿ ਰਹੇ ਭਾਰਤੀਆਂ ਅਤੇ ਮਲਾਇਆ ਵਿੱਚ ਰਹਿ ਗਈ ਅੰਗਰੇਜ਼ੀ ਫੌਜ ਦੇ ਭਾਰਤੀ ਅਫ਼ਸਰਾਂ ਨੇ ਜਾਪਾਨ ਸਰਕਾਰ ਦੀ ਸਹਾਇਤਾ ਨਾਲ ਆਜ਼ਾਦ ਹਿੰਦ ਫ਼ੌਜ ਖੜ੍ਹੀ ਕਰ ਲਈ।

ਇਸ ਫ਼ੌਜ ਦੀ ਅਗਵਾਈ ਲਈ ਨੇਤਾ ਜੀ ਸੁਭਾਸ਼ ਚੰਦਰ ਬੋਸ ਆਪਣੀ ਜਾਨ ਹਥੇਲੀ 'ਤੇ ਰੱਖ ਕੇ ਇੱਕ ਡੁਬਕਣੀ ਕਿਸ਼ਤੀ ਰਾਹੀਂ ਜਰਮਨੀ ਤੋਂ ਜਾਪਾਨ ਤੇ ਫਿਰ ਸਿੰਘਾਪੁਰ ਪੁੱਜੇ। ਉਨ੍ਹਾਂ ਦੇ ਆ ਜਾਣ ਨਾਲ ਭਾਰਤ ਨੂੰ ਆਜ਼ਾਦ ਕਰਾਉਣ ਦੇ ਅੰਦੋਲਨ ਵਿੱਚ ਇੱਕ ਨਵੀਂ ਜਾਨ ਪੈ ਗਈ। ਭਾਰਤੀ ਲੋਕਾਂ ਵਿੱਚ ਨਵਾਂ ਜੋਸ਼ ਭਰ ਗਿਆ।

ਨੇਤਾ ਜੀ ਨੇ ਆਜ਼ਾਦ ਹਿੰਦ ਫ਼ੌਜ ਦੀ ਪਹਿਲੀ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ, " ਮੇਰੇ ਜ਼ਿੰਦਗੀ ਔਰ ਮੌਤ ਕੇ ਸਾਥੀਓ! ਇਨ ਜੰਗਲੋਂ ਔਰ ਪਹਾੜੋਂ ਕੇ ਪਾਰ ਹਮਾਰਾ ਦੇਸ਼ ਹਮੇਂ ਪੁਕਾਰ ਰਹਾ ਹੈ। ਵਿਦੇਸ਼ੀ ਗੁਲਾਮੀ ਕੀ ਜ਼ੰਜੀਰੋਂ ਮੇਂ ਜਕੜੀ ਹੁਈ ਭਾਰਤ ਮਾਤਾ ਆਪਣੇ ਸਪੂਤੋਂ ਕੀ ਇੰਤਜ਼ਾਰ ਮੇਂ ਹੈ.....ਆਪ ਲੋਗ ਮੁਝੇ ਖ਼ੂਨ ਦੇਂ, ਮੈਂ ਆਪ ਕੋ ਆਜ਼ਾਦੀ ਲੇ ਕਰ ਦੂੰਗਾ....."।

ਇਹ ਤਕਰੀਰ ਕੀ ਸੀ-ਇੱਕ ਜਾਦੂ, ਜਿਸ ਨੇ ਸੁਣਨ ਵਾਲਿਆਂ ਨੂੰ ਕੀਲ ਲਿਆ। ਜਿਸ ਨੇ ਮੁਰਦਾ ਦਿਲਾਂ ਵਿੱਚ ਵੀ ਜਾਨ ਪਾ ਦਿੱਤੀ। ਇਨ੍ਹਾਂ ਜੋਸ਼ ਭਰੇ ਸ਼ਬਦਾਂ ਨੂੰ ਸੁਣ ਕੇ ਆਜ਼ਾਦ ਹਿੰਦ ਫ਼ੌਜ ਦੇ ਅਫ਼ਸਰਾਂ ਦੇ ਜਵਾਨਾਂ ਦਾ ਖ਼ੂਨ ਖੌਲਣ ਲਗ ਪਿਆ ਅਤੇ ਭਾਰਤੀ ਲੋਕ ਆਪਣੇ ਦੇਸ਼ ਦੀ ਆਜ਼ਾਦੀ ਲਈ ਹਰ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਹੋ ਗਏ।

ਗੁਲਾਮ ਨਬੀ ਵੀ ਸਰੋਤਿਆਂ ਵਿੱਚ ਮੌਜੂਦ ਸੀ। ਉਸ ਨੇ ਵੀ ਨੇਤਾ ਜੀ ਦੀ ਦਿਲਾਂ ਨੂੰ ਗਰਮਾ ਦੇਣ ਵਾਲੀ ਤਕਰੀਰ ਸੁਣੀ। ਇਹ ਸ਼ਬਦ ਸੁਣ ਕੇ ਗੁਲਾਮ ਨਬੀ ਦਾ ਖ਼ੂਨ ਜਿਵੇਂ ਉਬਾਲੇ ਖਾਣ ਲਗ ਪਿਆ ਹੋਵੇ। ਉਸ ਦੇ ਦਿਲ ਵਿੱਚ ਅਪਣੇ ਦੇਸ਼ ਲਈ ਤੜਪ ਜਾਗ ਉੱਠੀ, ਉਸ ਨੂੰ ਲੱਗਾ ਜਿਵੇਂ ਉਸ ਦੀ ਮਾਤ੍ਰਭੂਮੀ ਦੀ ਮਿੱਟੀ ਉਸ ਨੂੰ ਪੁਕਾਰ ਰਹੀ ਹੋਵੇ। ਉਸ ਦੇ ਜੰਗਲ, ਪਹਾੜ, ਨਦੀਆਂ, ਨਾਲੇ ਸਹਾਇਤਾ ਲਈ ਬੁਲਾ ਰਹੇ

ਹੋਣ।

" ਆਪ ਲੋਗ ਮੁਝੇ ਖ਼ੂਨ ਦੇਂ, ਮੈਂ ਆਪ ਕੋ ਆਜ਼ਾਦੀ ਲੇਕਰ ਦੂੰਗਾ" ਇਨ੍ਹਾਂ ਸ਼ਬਦਾਂ ਦੀ ਗੂੰਜ ਉਸ ਦੇ ਕੰਨਾਂ ਵਿੱਚ ਵਾਰ ਵਾਰ ਆ ਰਹੀ ਸੀ। ਉਸ ਦੇ ਅੰਦਰ ਦੇਸ਼ ਭਗਤੀ ਦੀ ਚਿਰਾਂ ਤੋਂ ਸੁਲਘਦੀ ਚਿੰਗਾਰੀ ਹੁਣ ਭਾਂਬੜ ਬਣਦੀ ਜਾ ਰਹੀ ਸੀ। ਉਹ ਹੁਣ ਸਰਗਰਮ ਤੌਰ 'ਤੇ ਭਾਰਤ ਦੇ ਸੁਤੰਤਰਤਾ ਸੰਗ੍ਰਾਮ ਵਿੱਚ ਭਾਗ ਲੈਣਾ ਚਾਹੁੰਦਾ ਸੀ।

ਪਰ ਮੇਰੇ ਇਸ ਕਾਰੋਬਾਰ ਦਾ ਕੀ ਬਣੇਗਾ? ਇਨ੍ਹਾਂ ਹੀ ਸੋਚਾਂ ਵਿੱਚ ਡੁੱਬਾ ਉਹ ਘਰ ਚਲਾ ਗਿਆ। ਇੱਕ ਘੋਲ ਉਸ ਦੇ ਅੰਦਰ ਹੋ ਰਿਹਾ ਸੀ, ਇੱਕ ਮਾਨਸਿਕ ਕਸ਼-ਮਕਸ਼।
'ਨੇਤਾ ਜੀ ਨੇ ਕੌਮ ਤੋਂ ਖ਼ੂਨ ਮੰਗਿਆ ਹੈ ਅਤੇ ਦਿੱਤੇ ਬਿਨਾਂ ਦੇਸ਼ ਆਜ਼ਾਦ ਨਹੀਂ ਹੋ ਸਕਦਾ। ਆਜ਼ਾਦੀ ਖ਼ੂਨ ਮੰਗਦੀ ਹੈ। ਕੌਮ ਦੇ ਨੌਜਵਾਨਾਂ ਦਾ ਖ਼ੂਨ! ਮੈਂ ਵੀ ਤਾਂ ਨੌਜਵਾਨ ਹਾਂ। ਮੈਂ ਵੀ ਆਪਣਾ ਖ਼ੂਨ ਦਿਆਂਗਾ'।

ਤੇ ਦੂਜੇ ਦਿਨ ਨੇਤਾ ਜੀ ਨੇ ਇੱਕ ਆਮ ਜਲਸੇ ਵਿੱਚ ਉਸੇ ਤਰ੍ਹਾਂ ਦਾ ਦਿਲਾਂ ਨੂੰ ਹਲੂਣਾ ਦੇਣ ਵਾਲਾ ਭਾਸ਼ਨ ਦਿੱਤਾ। ਭਾਰਤੀ ਲੋਕਾਂ ਨੂੰ ਅੰਗ੍ਰੇਜ਼ਾਂ ਵਿਰੁੱਧ ਜਥੇਬੰਦ ਹੋਣ ਤੋਂ ਇਲਾਵਾ ਉਨ੍ਹਾਂ ਨੇ ਅੰਦੋਲਨ ਚਲਾਉਣ ਲਈ ਮਾਇਕ ਸਹਾਇਤਾ ਦੇਣ ਦੀ ਵੀ ਅਪੀਲ ਕੀਤੀ। ਇਸ ਅਪੀਲ ਉੱਤੇ ਇਸਤ੍ਰੀਆਂ ਨੇ ਗਲਾਂ ਤੋਂ ਗਹਿਣੇ ਲਾਹ-ਲਾਹ ਕੇ ਦੇਣੇ ਸ਼ੁਰੂ ਕਰ ਦਿੱਤੇ। ਹਰ ਵਿਅਕਤੀ ਆਪਣੀ ਵਿਤ ਅਨੁਸਾਰ ਵਧ ਚੜ੍ਹ ਕੇ ਮਾਇਆ ਦੇਣ ਲਈ ਨਾਂ ਲਿਖਵਾ ਰਿਹਾ ਸੀ। ਏਨੇ ਨੂੰ ਅਚਾਨਕ ਭੀੜ ਵਿੱਚੋ ਂਇੱਕ ਆਦਮੀ ਉੱਠਿਆ। ਉਸ ਨੇ ਆਪਣੀ ਸਾਰੀ ਜਾਇਦਾਦ ਕੌਮ ਨੂੰ ਦੇਣ ਦਾ ਐਲਾਨ ਕੀਤਾ। ਸਾਰੇ ਲੋਕਾਂ ਦੀਆਂ ਨਜ਼ਰਾਂ ਉਸ ਵੱਲ ਉੱਠ ਗਈਆਂ। ਇਹ ਸ਼ਹਿਰ ਦਾ ਇੱਕ ਵੱਡਾ ਵਪਾਰੀ ਗੁਲਾਮ ਨਬੀ ਸੀ ।ਤੇ ਫਿਰ ਗੁਲਾਮ ਨਬੀ ਨੇ ਆਪਣੀ ਸਾਰੀ ਜਾਇਦਾਦ ਵੇਚ ਕੇ ਲਗ ਭਗ ਛੇ ਲੱਖ ਡਾਲਰ ਨੇਤਾ ਜੀ ਦੇ ਪੈਰਾਂ 'ਤੇ ਲਿਆ ਢੇਰੀ ਕੀਤੇ। ਨੇਤਾ ਜੀ ਦਾ ਮਨ ਉਸ ਦੀ ਕੁਰਬਾਨੀ ਨੂੰ ਵੇਖ ਕੇ ਗਦ ਗਦ ਹੋ ਉੱਠਿਆ। ਉਨ੍ਹਾਂ ਦੀਆਂ ਅੱਖਾਂ ਖੁਸ਼ੀ ਦੇ ਹੰਝੂਆਂ ਨਾਲ ਭਰ ਗਈਆਂ । ਉਨ੍ਹਾਂ ਨੇ ਉੱਠ ਕੇ ਗੁਲਾਮ ਨਬੀ ਨੂੰ ਗਲ ਨਾਲ ਲਾ ਲਿਆ ਤੇ ਫਿਰ ਨੇਤਾ ਜੀ ਨੇ ਛੇ ਲੱਖ ਡਾਲਰਾਂ ਵਿੱਚੋਂ ਤਿੰਨ ਲੱਖ ਡਾਲਰ ਗੁਲਾਮ ਨਬੀ ਨੂੰ ਮੋੜਨੇ ਚਾਹੇ ਤਾਂ ਜੋ ਉਹ ਆਪਣਾ ਕਾਰੋਬਾਰ ਮੁੜ ਸ਼ੁਰੂ ਕਰ ਸਕੇ। ਪਰ ਗੁਲਾਮ ਨਬੀ 'ਤੇ ਹੁਣ ਦੇਸ਼ ਭਗਤੀ ਦਾ ਇੰਨਾ ਗੂੜ੍ਹਾ ਰੰਗ ਚੜ੍ਹ ਚੁੱਕਾ ਸੀ ਕਿ ਉਸ ਨੇ ਡਾਲਰ ਲੈਣ ਤੋਂ ਨਾਂਹ ਕਰ ਦਿੱਤੀ ਅਤੇ ਨੇਤਾ ਜੀ ਨੂੰ ਕਿਹਾ, "ਮੈਂ ਤਾਂ ਹੁਣ ਆਜ਼ਾਦ ਹਿੰਦ ਫ਼ੌਜ ਦਾ ਸਿਪਾਹੀ ਬਣਾਂਗਾ, ਮੁੜ ਕਾਰੋਬਾਰ ਕਰਨਾ ਹੁਣ ਮੇਰੇ ਵੱਸ ਦਾ ਰੋਗ ਨਹੀਂ"।ਤੇ ਫਿਰ ਗੁਲਾਮ ਨਬੀ ਨੇ ਆਪਣੇ ਇਸ ਪ੍ਰਣ ਨੂੰ ਸੱਚਮੁੱਚ ਹੀ ਪੂਰਾ ਕਰ ਕੇ ਵਿਖਾ ਦਿੱਤਾ। ਉਹ ਆਜ਼ਾਦ ਹਿੰਦ ਫ਼ੌਜ ਦੇ ਉਨ੍ਹਾਂ ਦਸਤਿਆਂ ਦੀ ਇੱਕ ਟੋਲੀ ਦਾ ਕਮਾਂਡਰ ਸੀ, ਜਿਸ ਨੇ ਭਾਰਤ-ਬਰਮਾ ਸਰਹੱਦ ਉੱਤੇ ਅੰਗ੍ਰੇਜ਼ੀ ਚੌਂਕੀ ਉੱਤੇ ਹਮਲਾ ਕਰ ਕੇ ਉਸ ਉੱਤੇ ਕਬਜ਼ਾ ਕਰ ਲਿਆ ਸੀ। ਇਸ ਚੌਂਕੀ ਲਈ ਬੜੀ ਘਮਸਾਨ ਦੀ ਲੜਾਈ ਹੋਈ ਸੀ ਅਤੇ ਆਜ਼ਾਦ ਹਿੰਦ ਫ਼ੌਜ ਦੇ ਸੂਰਮੇ ਅੰਗ੍ਰੇਜ਼ੀ ਫ਼ੌਜਾਂ ਦੇ ਹੱਥੀਂ ਜਾ ਪਏ ਸਨ।

ਗੁਲਾਮ ਨਬੀ ਆਪਣੀ ਟੋਲੀ ਦੀ ਅਗਵਾਈ ਕਰਦਾ ਹੋਇਆ ਬਹੁਤ ਬੁਰੀ ਤਰ੍ਹਾਂ ਫੱਟੜ ਹੋ ਗਿਆ ਸੀ ਪਰ ਉਸ ਨੇ ਹਿੰਮਤ ਨਹੀ ਸੀ ਹਾਰੀ। ਉਹ ਉਸੇ ਤਰ੍ਹਾਂ ਆਪਣੇ ਸਾਥੀਆਂ ਨੂੰ ਹੱਲਾ ਸ਼ੇਰੀ ਦਿੰਦਾ ਰਿਹਾ ਅਤੇ ਆਜ਼ਾਦ ਹਿੰਦ ਦੀ ਆਰਜ਼ੀ ਹਕੂਮਤ ਦੇ ਝੰਡੇ ਨੂੰ ਹੱਥ ਵਿੱਚ ਫੜੀ ਅੱਗੇ ਵਧਦਾ ਰਿਹਾ। ਅੰਤ ਦੁਸ਼ਮਣ ਭੱਜ ਉੱਠਿਆ ਅਤੇ ਗੁਲਾਮ ਨਬੀ ਤੇ ਉਸ ਦੇ ਸਾਥੀਆਂ ਨੂੰ ਭਾਰਤ ਦੀ ਧਰਤੀ ਉੱਤੇ ਸਭ ਤੋਂ ਪਹਿਲਾਂ ਪੈਰ ਰੱਖਣ ਦਾ ਮਾਣ ਪ੍ਰਾਪਤ ਹੋਇਆ।

ਗੁਲਾਮ ਨਬੀ ਜ਼ਮੀਨ 'ਤੇ ਲੰਮਾ ਪਿਆ ਹੀ, ਭਾਰਤ ਮਾਤਾ ਦੀ ਮਿੱਟੀ ਨੂੰ ਚੁੰਮ ਚੁੰਮ ਮੱਥੇ ਨਾਲ ਲਾਉਂਦਾ ਰਿਹਾ। ਜਨਮ ਭੂਮੀ ਦੀ ਮਿੱਟੀ ਦੀ ਮਹਿਕ ਨਾਲ ਉਹ ਨਸ਼ਿਆ ਰਿਹਾ ਸੀ। ਉਸ ਦਾ ਖ਼ੂਨ ਬਹੁਤ ਵਗ ਚੁੱਕਾ ਸੀ। ਉਸ ਨੇ ਮੱਧਮ ਜਿਹੀ ਆਵਾਜ਼ ਨਾਲ ਆਪਣੇ ਸਾਥੀਆਂ ਤੋਂ ਵਿਦਾਇਗੀ ਮੰਗੀ ਅਤੇ ਸਦਾ ਲਈ ਮਿੱਠੀ ਨੀਂਦ ਸੌਂ ਗਿਆ- ਇੱਕ ਸ਼ਹੀਦ ਦੀ ਨੀਂਦ।

* * * * *

**ਸ਼ਰਧਾਂਜਲੀ**

ਸੈਣੀ ਬਰਾਦਰੀ ਦੇ ਪ੍ਰਸਿੱਧ ਪਿੰਡ ਲਸਾੜਾ ਜ਼ਿਲ੍ਹਾ ਜਲੰਧਰ ਦੇ ਗੁਰਸਿੱਖ ਪਰਿਵਾਰ ਦੇ **ਸ. ਕੁਲਦੀਪ ਸਿੰਘ ਮਾਣਕ** ਸਪੁੱਤਰ ਸ. ਜਗਤ ਸਿੰਘ 26 ਅਗਸਤ, 2023 ਨੂੰ ਅਕਾਲ ਚਲਾਣਾ ਕਰ ਗਏ ਹਨ। ਆਪ ਗੁਰਸਿੱਖੀ ਵਿੱਚ ਪਰਿਪੱਕ ਅਤੇ ਅਤਿ ਦੇ ਨੇਕ ਵਿਅਕਤੀ ਸਨ। ਆਪ ਇੱਕ ਸਵਾਰਥਰਹਿਤ ਸਮਾਜਸੇਵੀ ਅਤੇ ਚੇਤੰਨ ਰਾਜਨੀਤਿਕ ਸਖਸ਼ੀਅਤ ਸਨ। ਆਪ ਆਪਣੇ ਪਿੰਡ ਅਤੇ ਇਲਾਕੇ ਦੇ ਹਰ ਲੋਕ ਭਲਾਈ ਕਾਰਜ ਵਿੱਚ ਅੱਗੇ ਰਹਿੰਦੇ ਸਨ। ਸ. ਕੁਲਦੀਪ ਸਿੰਘ ਸੈਣੀ ਭਵਨ ਰੂਪਨਗਰ ਦੇ ਸ਼ੁਭਚਿੰਤਕ ਅਤੇ ਹਿਤੈਸ਼ੀ ਸਨ। ਆਪ ਇਸ ਸਮਾਜ ਸੇਵੀ ਸੰਸਥਾ ਦੇ ਟਰੱਸਟੀ ਡਾ. ਜਸਵੰਤ ਕੌਰ ਦੇ ਭਰਾ ਸਨ ਅਤੇ ਇਸ ਸੰਸਥਾ ਦੇ ਮੈਗਜ਼ੀਨ 'ਸੈਣੀ ਸੰਸਾਰ' ਦੇ ਆਜੀਵਨ ਮੈਂਬਰ ਸਨ। ਆਪ ਦੇ ਸੰਸਾਰ ਤੋਂ ਚਲੇ ਜਾਣ ਨਾਲ ਪਰਿਵਾਰ ਅਤੇ ਸੈਣੀ ਬਰਾਦਰੀ ਨੂੰ ਨਾਪੂਰਿਆ ਜਾ ਸਕਣ ਵਾਲਾ ਘਾਟਾ ਪਿਆ ਹੈ। ਗੁਰੂ ਸਾਹਿਬ ਆਪ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ।



* * * * *

ਰਾਜਿੰਦਰ ਸਿੰਘ ਨੰਨੂਆਂ
ਰੂਪਨਗਰ

# ਕਸ਼ਮੀਰ - ਟੁੱਕੜੀ ਜੱਗ ਤੋਂ ਨਿਆਰੀ



ਛੋਟੇ ਹੁੰਦੇ ਸਕੂਲ ਵਿਚ ਪੜ੍ਹਦਿਆਂ ਭਾਈ ਵੀਰ ਸਿੰਘ ਜੀ ਦੀ ਲਿਖੀ ਕਵਿਤਾ ''ਟੁਕੜੀ ਜੱਗ ਤੋਂ ਨਿਆਰੀ'' ਪੜ੍ਹਦੇ ਸਮੇਂ ਅੱਖਾਂ ਅੱਗੇ ਇਕ ਸਵਰਗ ਦਾ ਝਲਕਾਰਾ ਜਿਹਾ ਮਹਿਸੂਸ ਹੁੰਦਾ ਕਿ ਕਿੰਨੀ ਖ਼ੂਬਸੂਰਤ ਹੋਵੇਗੀ ਇਹ ਧਰਤੀ ਜਿਸ ਵਿਚ ਅਜਿਹੇ ਅਲੌਕਿਕ ਨਜ਼ਾਰੇ ਵਰਨਣ ਕੀਤੇ ਗਏ ਹਨ ਇਕ ਕਸ਼ਮੀਰੀ ਦੋਸਤ ਦੇ ਸੱਦੇ ਤੇ ਅਸੀਂ ਕਸ਼ਮੀਰ ਘੁੰਮਣ ਦਾ ਮਨ ਬਣਾ ਲਿਆ ਅਤੇ ਜੁਲਾਈ ਦੇ ਮਹੀਨੇ ਸ਼ਹੀਦ ਭਗਤ ਸਿੰਘ ਹਵਾਈ ਅੱਡਾ ਮੁਹਾਲੀ ਤੋਂ ਜਹਾਜ਼ ਰਾਹੀ ਇੱਕ ਘੰਟੇ ਦੇ ਸਫ਼ਰ ਬਾਅਦ ਸ੍ਰੀਨਗਰ ਪਹੁੰਚ ਗਏ। ਜਹਾਜ਼ ਵਿਚੋਂ ਉਤਰਦੇ ਸਾਰ ਬਹੁਤ ਖ਼ੁਸ਼ਗਵਾਰ ਮੌਸਮ ਨੇ ਸਵਾਗਤ ਕੀਤਾ। ਹਲਕੀ ਬੂੰਦਾ ਬਾਂਦੀ ਹੋ ਕੇ ਹਟੀ ਸੀ ਹਲਕੀ ਮਿੱਠੀ ਗੁਲਾਬੀ ਜਿਹੀ ਧੁੱਪ, ਹਲਕੀ ਹਲਕੀ ਰੁਮਕਦੀ ਕੁਝ ਕੁ ਠੰਢੀ ਹਵਾ ਦੇ ਝੋਕੇ ਇਕ ਅਜੀਬ ਜਿਹਾ ਸੁਖਦਾਇਕ ਆਨੰਦ ਦੇ ਰਹੇ ਸਨ।

ਕਸ਼ਮੀਰ ਨੂੰ ਉਸ ਦਾ ਨਾਮ ਸੰਸਕ੍ਰਿਤ ਭਾਸ਼ਾ ਦੇ ਸ਼ਬਦ ਕਾ ਖ਼ ਸ਼ਮੀਰ ਤੋਂ ਮਿਲਿਆ ਜਿਸ ਦਾ ਭਾਵ ''ਕਾ'' ਦਾ ਅਰਥ ਪਾਣੀ ਅਤੇ ''ਸ਼ਮੀਰ'' ਦਾ ਅਰਥ ਪਾਣੀ ਤੋਂ ਨਿਕਲੀ ਹੋਈ ਧਰਤੀ। ਇਕ ਹੋਰ ਕਹਾਵਤ ਅਨੁਸਾਰ ਇਹ ਰਿਸ਼ੀ ਕਸ਼ਯਪ ਦੇ ਨਾਮ ਤੋਂ ਪਿਆ ਇਸ ਦਾ ਪਹਿਲਾ ਨਾਮ ਕਸ਼ਯਪਮੀਰ ਭਾਵ ਕਸ਼ਯਪ ਦੀ ਝੀਲ ਤੋਂ ਪਿਆ। ਜਿਉਂ ਜਿਉਂ ਤੁਸੀਂ ਕਸ਼ਮੀਰ ਵਿਚ ਘੁੰਮਦੇ ਜਾਵੋਗੇ ਤਿਉਂ ਤਿਉਂ ਕਸ਼ਮੀਰ ਤੁਹਾਨੂੰ ਆਪਣੇ ਵੱਲ ਖਿੱਚਦਾ ਜਾਵੇਗਾ। ਜਿੰਨਾ ਖ਼ੂਬਸੂਰਤ ਕਸ਼ਮੀਰ ਉਨ੍ਹੇ ਹੀ ਨਜ਼ਾਕਤ ਅਤੇ ਪਿਆਰ ਦੇ ਭਰੇ ਹੋਏ ਕਸ਼ਮੀਰੀ ਲੋਕ ਦਿਲ ਖੋਲ੍ਹ ਕੇ ਤੁਹਾਡਾ ਸਵਾਗਤ ਕਰਦੇ ਹਨ।

ਬੇਸ਼ੱਕ ਕਸ਼ਮੀਰ ਦੀ ਹਰ ਗਲੀ, ਹਰ ਮੋੜ, ਹਰ ਬਾਜ਼ਾਰ ਕਸਬੇ, ਪਿੰਡ, ਸ਼ਹਿਰ, ਕਸ਼ਮੀਰ ਦੇ ਸੇਬ, ਅਖਰੋਟਾਂ ਅਤੇ ਪਲਮ ਦੇ ਬਾਗਾਂ ਵਿਚ ਵੀ ਭਾਰਤੀ ਫ਼ੌਜ ਦੇ ਜਵਾਨ ਹਰ ਸਮੇਂ ਆਪਦੇ ਹੱਥਾ ਵਿਚ ਆਟੋਮੈਟਿਕ ਰਾਈਫਲਾਂ ਲਈ ਪੂਰੇ ਮੁਸ਼ਤੈਦ ਨਜ਼ਰ ਆਉਣਗੇ ਪਰ ਉਨਾਂ ਦੀ ਮੌਜੂਦਗੀ ਦਾ ਉੱਥੇ ਦੇ ਆਮ ਲੋਕਾਂ ਦੇ ਰਹਿਣ ਸਹਿਣ, ਵਪਾਰ, ਆਵਾਜਾਈ ਅਤੇ ਰੋਜ਼ਮਰ੍ਹਾ ਦੇ ਕੰਮ ਕਾਜਾਂ ਉੱਤੇ ਕਿਸੇ ਕਿਸਮ ਦਾ ਕੋਈ ਡਰ ਜਾਂ ਭੈਅ ਨਜ਼ਰ ਨਹੀਂ ਆਉਂਦਾ। ਕਸ਼ਮੀਰੀ ਜ਼ਿੰਦਗੀ ਆਮ ਦੀ ਤਰ੍ਹਾਂ ਚਲ ਰਹੀ ਹੈ। ਨਾ ਕੋਈ ਰੈਲੀ ਨਾ ਮੁਜਾਹਰਾ ਨਾ ਕੋਈ ਨਾਹਰਾ ਇਕ ਸ਼ਾਂਤ ਅਤੇ ਪਿਆਰ ਦਾ ਭਰਿਆ ਦਰਿਆ ਨਿਰੰਤਰ ਵਗ ਰਿਹਾ ਅਤੇ ਕੁਦਰਤ ਦੇ ਸਵਰਗ ਦੀ ਸ਼ੁੰਦਰਤਾ ਨੂੰ ਚਾਰ ਚੰਦ ਲਗਾ ਰਿਹਾ ਹੈ। ਬੇਸ਼ੱਕ ਕਸ਼ਮੀਰੀ ਲੋਕਾਂ ਦੇ ਦਿਲਾਂ ਵਿਚ ਉਨ੍ਹਾਂ ਦੇ ਰਾਜ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਰਾਜ ਦੇ ਦਰਜ਼ੇ ਨੂੰ ਘਟਾ ਕੇ ਕੇਂਦਰੀ ਸ਼ਾਸ਼ਤ ਪ੍ਰਦੇਸ਼ ਬਣਾਏ ਜਾਣ ਦਾ ਗਿਲਾ ਹੈ ਪਰ ਉਨ੍ਹਾਂ ਦੀ ਮਹਿਮਾਨਨਿਵਾਜ਼ੀ ਵਿਚ ਕੋਈ ਫ਼ਰਕ ਨਹੀਂ ਹੈ।

ਕਸ਼ਮੀਰ ਦਾ ਸੋਪੋਰ ਦਾ ਇਲਾਕਾ ਸੇਬਾਂ ਦੇ ਬਾਗਾਂ ਦਾ ਘਰ ਹੈ ਦੂਰ ਦੂਰ ਤੱਕ ਸੇਬਾਂ ਦੀਆਂ ਉਨਤ ਕਿਸਮਾਂ ਦੇ ਬਾਗਾਂ ਨਾਲ ਭਰਪੂਰ ਇਲਾਕਾ ਹੈ ਜਿਸ ਪਾਸੇ ਵੀ ਨਿਗ੍ਹਾ ਮਾਰੋ ਸੇਬ ਹੀ ਸੇਬ ਦੇ ਦਰਖ਼ਤ ਨਜ਼ਰੀ ਪੈਂਦੇ ਹਨ। ਇਸੇ ਤਰ੍ਹਾਂ ਕੁੱਪਵਾੜਾ ਇਲਾਕਾ ਅਖ਼ਰੋਟਾਂ ਦੇ ਦਰਖ਼ਤਾਂ ਦੇ ਬਾਗਾਂ ਦਾ ਘਰ ਹੈ। ਸੜਕਾਂ ਦੇ ਆਲੇ ਦੁਆਲੇ ਘਰਾਂ ਦੇ ਪਾਸ ਹਰ ਜਗ੍ਹਾਂ ਸਿਰਫ ਅਖ਼ਰੋਟ ਦੇ ਹੀ ਦਰਖਤ ਹਨ। ਪੰਪੋਰ ਦਾ ਇਲਾਕਾ ਸਿਰਫ ਕੇਸਰ ਦੀ ਖੇਤੀ ਲਈ ਜਾਣਿਆ ਜਾਂਦਾ ਹੈ ਮੀਲਾਂ ਤੱਕ ਕੇਸਰ ਦੇ ਹੀ ਖੇਤ, ਵਿਸ਼ਵ ਦਾ ਸਭ ਤੋਂ ਉਨੱਤ ਤਰ੍ਹਾਂ ਦਾ ਕੇਸਰ। ਪੰਪੋਰ ਦੇ ਹਾਏਵੇ ਤੇ ਕੇਸਰ ਦੇ ਵੱਡੇ ਵੱਡੇ ਸ਼ੋਰੂਮ ਕੇਸਰ ਵੇਚਣ ਲਈ ਬਣੇ ਹੋਏ ਹਨ। ਕੇਸਰ, ਅਖ਼ਰੋਟ ਅਤੇ ਸੇਬਾਂ ਦੀ ਫਸਲ ਨੇ ਕਸ਼ਮੀਰੀ ਲੋਕਾਂ ਨੂੰ ਅਮੀਰੀ ਵੀ ਬਖ਼ਸ਼ੀ ਹੈ।

ਕਸ਼ਮੀਰ ਵਿਚ ਸੈਰ ਸਪਾਟੇ ਦੌਰਾਨ ਇਕ ਗੱਲ ਜੋ ਦੇਖਣ ਵਿਚ ਆਈ ਕਿ ਉੱਥੋਂ ਦੇ ਨੌਜਵਾਨਾਂ, ਬੱਚਿਆਂ ਵਿਚ ਸਿੱਧੂ ਮੁਸੇਵਾਲਾ, ਕੰਵਰ ਗਰੇਵਾਲ, ਸਤਿੰਦਰ ਸਰਤਾਜ ਆਦਿ ਪੰਜਾਬੀ ਗਾਇਕਾਂ ਦੇ ਗੀਤਾਂ ਦਾ ਜਾਦੂ ਸਿਰ ਚੜ੍ਹ ਕੇ ਬੋਲ ਰਿਹਾ ਹੈ। ਤੁਹਾਨੂੰ ਹਰ ਜਗ੍ਹਾ ਇਨ੍ਹਾਂ ਪੰਜਾਬੀ ਗੀਤਾਂ ਦੇ ਬੋਲ ਸੁਣਾਈ ਦੇਣਗੇ। ਕਸ਼ਮੀਰੀ ਲੋਕਾਂ ਵਿਚ ਘਰਾਂ ਵਿਚ ਆਓ ਭਗਤ ਸਮੇਂ ਬਦਾਮ ਅਖ਼ਰੋਟ, ਕਾਜੂ ਅਤੇ ਕੇਸਰ ਦੇ ਕਾਹਵੇ ਨੂੰ ਪਰੋਸਣਾ ਆਮ ਹੈ। ਇਸ ਤੋਂ ਇਲਾਵਾ ਕਸ਼ਮੀਰ ਵਿਚ ਬੇਕਰੀ ਦੀਆਂ ਬਹੁਤ ਸਾਰੀਆਂ ਵੱਖਰੀ ਕਿਸਮ ਦੀਆਂ ਆਈਟਮਾਂ ਬਣਾਈਆਂ ਜਾਂਦੀਆਂ ਹਨ ਖ਼ਾਸ ਤੌਰ ਤੇ ਵੱਖ ਵੱਖ ਵਰਾਇਟੀ ਦੇ ਬਿਸਕੁਟ, ਰੋਟੀਆਂ ਅਤੇ ਹੋਰ ਬਹੁਤ ਕੁਝ ਜੋ ਬਾਕੀ ਭਾਰਤ ਵਿਚ ਕਿਸੇ ਵੀ ਜਗ੍ਹਾ ਨਹੀਂ ਮਿਲਦਾ। ਇਸ ਦਾ ਕਾਰਨ ਸ਼ਾਇਦ ਸਰਦੀਆਂ ਵਿਚ ਭਾਰੀ ਬਰਫਬਾਰੀ ਵਿਚ ਲੰਮੇ ਸਮੇਂ ਤੱਕ ਖਾਣ ਵਾਲੀਆਂ ਚੀਜ਼ਾਂ ਨੂੰ ਸੰਭਾਲ ਕੇ ਰੱਖਣ ਕਰਕੇ ਹੈ।




ਕਸ਼ਮੀਰ ਦੀ ਸਭ ਤੋਂ ਵੱਡੀ ਝੀਲ ''ਵੂਲਰ ਝੀਲ'' ਤਿੰਨ ਜ਼ਿਲ੍ਹਿਆ ਨੂੰ ਲੱਗਦੀ ਹੈ ਇਸ ਦੇ ਇਕ ਪਾਸੇ ਬਾਰਾਮੂਲਾ ਦਾ ਸੋਪੋਰ, ਦੂਜੇ ਪਾਸੇ ਬਾਂਦੀਪੋਰਾ ਅਤੇ ਤੀਜਾ ਗਾਂਦਰਬਲ ਦਾ ਇਲਾਕਾ ਲੱਗਦਾ ਹੈ। ਇਸ ਝੀਲ ਵਿਚ ਦਰਿਆ ਜਿਹਲਮ ਦਾਖ਼ਲ ਵੀ ਹੁੰਦਾ ਹੈ ਅਤੇ ਨਿਕਲਦਾ ਵੀ ਹੈ। ਇੱਥੇ ਹੀ ਇਕ ਪਾਸੇ ਉੱਚੀ ਚੋਟੀ ਤੇ ਕਸ਼ਮੀਰ ਦੇ ਪ੍ਰਸਿੱਧ ਪੀਰ ਬਾਬਾ ਸ਼ੁਕਰਦੀਨ ਦੀ ਮਜ਼ਾਰ ਹੈ ਜਿੱਥੇ ਲੋਕ ਆਪਣੀ ਸ਼ਰਧਾ ਦੇ ਫੁੱਲ

ਅਰਪਨ ਕਰਦੇ ਹਨ।ਇਸ ਦੇ ਖ਼ੂਬਸੂਰਤੀ ਵੇਖਿਆਂ ਹੀ ਬਣਦੀ ਹੈ।

ਇਸ ਦੇ ਨਾਲ ਹੀ ਸ਼ੁਰੂ ਹੁੰਦਾ ਹੈ ਬਾਂਦੀਪੋਰਾ ਜੋ ਕਸ਼ਮੀਰ ਦੇ ਇਲਮ, ਅਦਬ ਅਤੇ ਆਬ ਦਾ ਕੇਂਦਰ ਮੰਨਿਆ ਜਾਂਦਾ ਹੈ। ਬਾਂਦੀਪੋਰਾ ਵਿਚ ਉੱਚੇ ਪਹਾੜਾਂ ਵਿਚ ਫਸੇ ਹੋਏ ਬੱਦਲ ਬਹੁਤ ਹੀ ਦਿਲਕਸ਼ ਨਜ਼ਾਰਾ ਪੇਸ਼ ਕਰਦੇ ਹਨ ਪਹਾੜ ਉੱਚੇ ਅਤੇ ਬੱਦਲ ਨੀਵੇਂ ਇਵੇਂ ਲੱਗਦੇ ਹਨ ਕਿ ਪਹਾੜ ਬੱਦਲਾਂ ਦਾ ਸੀਨਾ ਚੀਰ ਕੇ ਅਸਮਾਨ ਨੂੰ ਛੂਹਣ ਲੱਗੇ ਹਨ।ਪਲ ਭਰ ਵਿਚ ਬੱਦਲਾਂ ਦਾ ਪਹਾੜਾਂ ਵਿਚ ਫਸ ਕੇ ਮੀਂਹ ਪਾ ਜਾਣਾ ਫਿਰ ਅੱਗੇ ਤੁਰ ਜਾਣਾ ਅਤੇ ਪਹਾੜਾਂ ਨੂੰ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ।ਸਾਫ਼ ਅਤੇ ਪਵਿੱਤਰ ਪਾਣੀ ਦੇ ਝਰਨੇ ਜ਼ਮੀਨ ਦੀ ਤਰਾਵਟ ਨੂੰ ਬਣਾਈ ਰੱਖਦੇ ਹਨ ਅਤੇ ਹਰਿਆਲੀ ਉੱਥੇ ਦੇ ਚੌਗਿਰਦੇ ਨੂੰ ਸੁਹੱਪਣ ਪ੍ਰਦਾਨ ਕਰਦੀ ਹੈ।

ਗਾਂਦਰਬੱਲ ਵਿਚ ਕਸ਼ਮੀਰ ਦੀ ਸਭ ਤੋਂ ਡੂੰਘੀ ਝੀਲ, ਮਾਨਸਬੱਲ ਵੀ ਵੇਖਣ ਵਾਲੀ ਹੈ ਜਿਸ ਵਿਚ ਕੁਦਰਤੀ ਕਮਲ ਦੇ ਫੁੱਲਾਂ ਦੀ ਭਰਮਾਰ ਇਸ ਦੀ ਸੁੰਦਰਤਾ ਨੂੰ ਚਾਰ ਚੰਦ ਲਗਾਉਂਦੀ ਹੈ।ਇਸ ਵਿਚ ਬੋਟਿੰਗ ਦਾ ਆਪਣਾ ਹੀ ਨਜ਼ਾਰਾ ਹੈ।

ਕਸ਼ਮੀਰ ਵਿਚ ਗੁਰੂ ਨਾਨਕ ਦੇਵ ਜੀ ਮਹਾਰਾਜ ਅਤੇ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਨਾਲ ਸਬੰਧਿਤ ਇਤਿਹਾਸਿਕ ਸਥਾਨ ਵੀ ਮੌਜੂਦ ਹਨ।ਅਸੀਂ ਬਾਰਾਮੂਲਾ ਵਿਚ ਜਿਹਲਮ ਦਰਿਆ ਦੇ ਕਿਨਾਰੇ ਇਕ ਉੱਚੇ ਪਹਾੜ ਦੀ ਗੋਦ ਵਿਚ ਗੁਰੂ ਹਰਗੋਬਿੰਦ ਸਾਹਿਬ ਦੀ ਚਰਨਛੋਹ ਪ੍ਰਾਪਤ ਬਹੁਤ ਹੀ ਆਲੀਸ਼ਾਨ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ ਇੱਥੇ ਗੁਰੂ ਜੀ ਵਲੋਂ ਇਕ ਚਿਨਾਰ ਦਾ ਦਰਖਤ ਲਗਾਇਆ ਗਿਆ ਸੀ ਜੋ ਸਮੇਂ ਦੇ ਨਾਲ ਹੁਣ ਖਤਮ ਹੋ ਚੁੱਕਾ ਹੈ ਪਰ ਉਸ ਦਾ ਤਣਾ ਨਿਸ਼ਾਨੀ ਦੇ ਤੌਰ ਤੇ ਰੱਖਿਆ ਹੋਇਆ ਹੈ। ਗੁਰੂ ਹਰਗੋਬਿੰਦ ਸਾਹਿਬ ਦਾ ਇਕ ਅਸਥਾਨ ਸ੍ਰੀਨਗਰ ਦੇ ਰੈਨਾਵਾੜੀ ਇਲਾਕੇ ਵਿਚ ਮੌਜੂਦ ਹੈ ਜਿਥੇ ਮਾਤਾ ਭਾਗਭਰੀ ਜੀ ਨੇ ਆਪਣੇ ਹੱਥੀਂ ਇਕ ਚੋਲਾ ਤਿਆਰ ਕਰਕੇ ਗੁਰੂ ਸਾਹਿਬ ਨੂੰ ਭੇਂਟ ਕੀਤਾ ਸੀ ਇਸ ਅਸਥਾਨ ਤੇ ਬਹੁਤ ਸੁੰਦਰ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ।ਇਸ ਗੁਰਦੁਆਰਾ ਸਾਹਿਬ ਵਿਚ ਗੁਰੂ ਮਹਾਰਾਜ ਦਾ ਲਗਵਾਇਆ ਇਕ ਖੂਹ ਵੀ ਮੌਜੂਦ ਹੈ।

ਇਸ ਉਪਰੰਤ ਗੁਲਮਰਗ ਨੂੰ ਜਾਂਦੇ ਹੋਏ ਕਸ਼ਮੀਰ ਦੇ ਇਕ ਹੋਰ ਪੀਰ ਬਾਬਾ ਰਿਸ਼ੀ ਦਾ ਮਜ਼ਾਰ ਵੀ ਦੇਖਿਆ ਇਸ ਅਸਥਾਨ ਤੇ ਕਸ਼ਮੀਰੀ ਲੋਕ ਬਹੁਤ ਭਾਰੀ ਗਿਣਤੀ ਵਿਚ ਆਪਣੀ ਅਕੀਦਤ ਦੇ ਫੁੱਲ ਭੇਂਟ ਕਰਦੇ ਹਨ। ਇਸ ਤੋਂ ਥੋੜ੍ਹੀ ਦੂਰੀ ਤੇ ਗੁਲਮਰਗ ਆ ਜਾਂਦਾ ਹੈ ਗੁਲਮਰਗ ਦਾਖ਼ਲ ਹੋਣ ਸਮੇਂ ਕੁਦਰਤੀ ਫੁੱਲਾਂ ਦੀ ਵਾਦੀ ਆਪ ਦਾ ਸਵਾਗਤ ਕਰਦੀ ਹੈ ਇਸ ਵਾਦੀ ਦੀ ਹਰ ਢਲਾਨ ਤੇ ਵੱਖ ਵੱਖ ਤਰ੍ਹਾਂ ਦੇ ਕੁਦਰਤੀ ਫੁੱਲਾਂ ਨਾਲ ਲੱਦੀਆਂ ਹੋਈਆਂ ਘਾਟੀਆਂ ਤੁਹਾਡੀ ਸਫ਼ਰ ਦੀ ਥਕਾਨ ਨੂੰ ਦੂਰ ਕਰ ਤਰੋ ਤਾਜ਼ਾ ਕਰ ਦਿੰਦੀਆਂ ਹਨ।ਗੁਲਮਰਗ ਦੀਆਂ ਹਰੀਆਂ ਭਰੀਆਂ ਢਲਾਨਾਂ ਅਤੇ ਪਿਛੋਕੜ ਵਿਚ ਚੀਲ੍ਹ ਦੇ ਵੱਡੇ ਵੱਡੇ ਦਰਖ਼ਤ ਵੇਖਣਯੋਗ ਹਨ ਗੁਲਮਰਗ ਵਿਚ ਗੰਡੋਲਾ ਰਾਈਡ ਦਾ ਆਪਣਾ ਹੀ ਨਜ਼ਾਰਾ ਹੈ ਜਿੱਥੇ ਕਈ ਫਿਲਮਾਂ ਦੀ ਸ਼ੂਟਿੰਗ ਵੀ ਕੀਤੀ ਜਾਂਦੀ ਹੈ ਹੁਣ ਇਹ ਗੰਡੋਲਾ ਰਾਈਡ (ਰੋਪਵੇਅ) ਪਹਿਲਾਂ ਨਾਲੋਂ ਕਾਫ਼ੀ ਸੁਧਰਿਆ ਹੋਇਆ ਅਤੇ ਸੁਰੱਖਿਅਤ ਹੈ। ਇਸ ਰੋਪਵੇਅ ਤੇ ਜਾ ਕੇ ਕੁਦਰਤ ਦੀਆਂ ਹੁਸੀਨ ਰਚਨਾਵਾਂ ਦੇ ਦਰਸ਼ਨ ਹੁੰਦੇ ਹਨ ਅਤੇ ਆਪ ਮੁਹਾਰੇ ਮੂੰਹੋਂ ਨਿਕਲਦਾ ਹੈ ਕਿ ਟੁਕੜੀ ਜੱਗ ਤੋਂ ਨਿਆਰੀ।

ਗੁਲਮਰਗ ਤੋਂ ਟੰਗਮਰਗ ਅਤੇ ਫਿਰ ਸ੍ਰੀਨਗਰ ਪਹੁੰਚ ਕੇ ਇਤਿਹਾਸਿਕ ਲਾਲ ਚੌਂਕ ਅਤੇ ਡੱਲ ਝੀਲ ਦਾ ਨਜ਼ਾਰਾ ਵੀ ਵੇਖਣ ਯੋਗ ਹੈ।ਡੱਲ ਝੀਲ ਦੇ ਸਾਹਮਣੇ ਸੰਕਰਾਚਾਰੀਆ ਦਾ ਮੰਦਰ ਇਕ ਪਹਾੜ ਦੀ ਚੋਟੀ ਤੇ ਨਜ਼ਰ ਆਉਂਦਾ ਹੈ। ਸ਼ਾਮ ਦੀਆਂ ਰੰਗੀਨ ਰੋਸ਼ਨੀਆਂ ਵਿੱਚ ਡੱਲ ਝੀਲ ਅਤੇ ਫਲੋਟਿੰਗ ਮਾਰਕੀਟ ਦੇ ਵਿਲੱਖਣ ਝਲਕਾਰੇ ਦਾ ਆਨੰਦ ਮਾਨਣਯੋਗ ਹੈ ਅਤੇ ਹਾਊਸਬੋਟ ਵਿਚ ਰਾਤ ਬਿਤਾਉਣਾ ਵੀ ਇਕ ਨਵਾਂ ਅਨੁਭਵ ਹੈ ਜਿਸ ਨੂੰ ਮਾਨਣਾ ਚਾਹੀਦਾ ਹੈ। ਡੱਲ ਝੀਲ ਦੇ ਕੰਢੇ ਹਜਰਤ ਬੱਲ ਮਸਜਿਦ ਵੀ ਆਪਣੀ ਰੂਹਾਨੀਅਤ ਦਾ ਰੰਗ ਬਿਖੇਰਦੀ ਹੋਈ ਕੁਦਰਤ ਦੇ ਕਾਦਰ ਦੀ ਬਾਤ ਪਾਉਂਦੀ ਹੈ।

ਸ੍ਰੀਨਗਰ ਵਿਚ ਚਸ਼ਮੇਸ਼ਾਹੀ ਮੁਗਲ ਗਾਰਡਨ ਵੀ ਵੇਖਣ ਯੋਗ ਹੈ ਜਿਸ ਦੀ ਲੈਂਡ ਸਕੇਪਿੰਗ ਅਤੇ ਪਾਰਕਾਂ ਦੀ ਵਿਉਂਤਬੰਦੀ ਦੇਖਿਆਂ ਹੀ ਬਣਦੀ ਹੈ। ਇਸ ਨਾਲ ਹੀ ਡੱਲ ਝੀਲ ਦੇ ਕੰਢੇ ਇਕ ਹੋਰ ਖ਼ੂਬਸੂਰਤ ਨਿਸ਼ਾਤ ਬਾਗ ਵੀ ਵੇਖਣਯੋਗ ਹੈ ਇਹ ਬਾਗ਼ ਨੂਰਜਹਾਂ ਬੇਗ਼ਮ ਦੇ ਛੋਟੇ ਭਰਾ ਮਿਰਜਾ ਅਬੁਲ ਹਸਨ ਵਲੋਂ 1634 ਵਿਚ ਤਿਆਰ ਕਰਵਾਇਆ ਗਿਆ ਸੀ।ਇਸ ਵਿਚ ਕੁਦਰਤੀ ਚਸ਼ਮੇ ਦੇ ਸਾਫ਼ ਜਲ ਨਾਲ ਫੁਆਰੇ ਚਲਦੇ ਹਨ ਇਸ ਵਿਚ ਪਾਣੀ ਦੇ ਚੈਨਲ ਦੇ ਨਾਲ ਨਾਲ ਬਾਰਾਂ ਟੈਰੇਸਾਂ ਦੀ ਵਿਉਂਤਬੰਦੀ ਵਿਚ ਤਿਆਰ ਕੀਤਾ ਇਹ ਬਾਗ਼ ਆਪਣੀ ਵਿਲੱਖਣਤਾ ਕਾਰਨ *ਗਾਰਡਨ ਆਫ ਗਲੈਡਨੈੱਸ* ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ ਇਹ ਬਾਗ਼ ਸ੍ਰੀਨਗਰ ਦਾ ਸਭ ਤੋਂ ਵੱਖਰਾ ਅਤੇ ਖ਼ਾਸ ਸਥਾਨ ਰੱਖਦਾ ਹੈ।

ਸ੍ਰੀਨਗਰ ਤੋਂ ਜੰਮੂ ਹਾਈਵੇਅ ਤੇ ਫਿਰ ਸਫ਼ਰ ਸ਼ੁਰੂ ਕੀਤਾ ਪੰਪੋਰ, ਪੁਲਵਾਮਾ, ਅਵੰਤੀਪੁਰਾ, ਅਨੰਤਨਾਗ ਨੂੰ ਤੁਰ ਪਏ। ਅਨੰਤਨਾਗ ਨੂੰ ਇਸਲਾਮਾਬਾਦ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ ਇਕ ਗੱਲ ਕਸ਼ਮੀਰ ਦੀ ਯਾਤਰਾ ਦੌਰਾਨ ਇਹ ਮਹੱਤਵਪੂਰਨ ਸਿਫ਼ਤ ਵਾਲੀ ਸੀ ਕਿ ਕਸ਼ਮੀਰ ਦੇ ਵੱਡੇ ਸ਼ਹਿਰਾਂ ਕੁਪਵਾੜਾ, ਬਾਰਾਮੂਲਾ, ਬਾਂਦੀਪੋਰਾ, ਗਾਂਦਰਬੱਲ ਗੁਲਮਰਗ, ਟੰਗਮਰਗ, ਸ੍ਰੀਨਗਰ, ਅਨੰਤਨਾਗ ਵਿੱਚ ਭਾਵ ਕਿ ਕਿਸੀ ਵੀ ਚੌਂਕ, ਗਲੀ ਜਾਂ ਮੁਹੱਲੇ ਵਿਚ ਕਿਸੇ ਵੀ ਜਗ੍ਹਾ ਕੂੜੇ ਦਾ ਢੇਰ ਵੇਖਣ ਨੂੰ ਨਹੀਂ ਮਿਲਿਆ ਅਤੇ ਨਾ ਹੀ ਵੱਡੇ

ਸ਼ਹਿਰਾਂ ਦੇ ਬਾਹਰਵਾਰ ਕੋਈ ਕੂੜੇ ਦੇ ਵੱਡੇ ਡੰਪ ਜਾਂ ਕੂੜੇ ਦੇ ਪਹਾੜ ਨਜ਼ਰ ਆਏ। ਅਨੰਤਨਾਗ ਦੇ ਕਸਬੇ ਬੀਜ ਬਿਹਾੜਾ, ਜੋ ਪੰਡਤ ਬ੍ਰਹਮ ਦਾਸ ਦਾ ਪਿੰਡ ਸੀ, ਵਿਚ ਪਹਿਲਗਾਮ ਨੂੰ ਜਾਣ ਵਾਲੀ ਸੜਕ ਦੇ ਕਿਨਾਰੇ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਕ ਗੁਰਦੁਆਰਾ ਮੌਜੂਦ ਹੈ ਅਜੇ ਵੀ ਪੰਡਤਾਂ ਦੀ ਇਕ ਬਸਤੀ ਇਸ ਗੁਰਦੁਆਰੇ ਦੇ ਨਜ਼ਦੀਕ ਵਸਦੀ ਹੈ ਅਤੇ ਇਕ ਮੰਦਰ ਵੀ ਮੌਜੂਦ ਹੈ।

ਪਹਿਲਗਾਮ ਇਕ ਬਹੁਤ ਹੀ ਪ੍ਰਸਿੱਧ ਸੈਰ ਸਪਾਟੇ ਦਾ ਸਥਾਨ ਹੈ ਇਥੋਂ ਹੀ ਅਮਰ ਨਾਥ ਦੀ ਪਵਿੱਤਰ ਗੁਫ਼ਾ ਦੇ ਦਰਸ਼ਨਾਂ ਲਈ ਹਿੰਦੂ ਸਰਧਾਲੂਆਂ ਦੇ ਜਥੇ ਚੰਦਨਵਾੜੀ ਲਈ ਜਾਂਦੇ ਹਨ, ਜਿਨ੍ਹਾਂ ਦੀ ਸੁਰੱਖਿਆ ਲਈ ਭਾਰਤੀ ਫ਼ੌਜ ਵਲੋਂ ਅਤਿ ਦਰਜੇ ਦੀ ਇਹਤਿਆਤ ਵਰਤੀ ਜਾਂਦੀ ਹੈ ਹਰ ਵਹੀਕਲ ਵਿਚੋਂ ਸਵਾਰੀਆਂ ਦੀ ਤਲਾਸ਼ੀ ਅਤੇ ਸਮਾਨ ਦੀ ਸਕੈਨਿੰਗ ਕਰਨ ਉਪਰੰਤ ਹੀ ਅੱਗੇ ਜਾਇਆ ਜਾ ਸਕਦਾ ਹੈ। ਪਹਿਲਗਾਮ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਪੋਹੂਲ-ਗਾਮ : ਇੱਥੇ ਪੋਹੂਲ ਸ਼ਬਦ ਦਾ ਅਰਥ ਹੈ ਕਿ ਚਰਵਾਹੇ ਅਤੇ ਗਾਮ ਦਾ ਅਰਥ ਹੈ ਪਿੰਡ, ਭਾਵ ਕਿ ਇਹ ਜਗ੍ਹਾ ਚਰਵਾਹਿਆਂ ਦਾ ਪਿੰਡ ਸੀ ਪਰ ਇਸ ਦੀ ਕੁਦਰਤੀ ਸੁੰਦਰਤਾ ਨੇ ਇਸ ਨੂੰ ਪਹਿਲਗਾਮ ਬਣਾ ਦਿੱਤਾ। ਪਹਿਲਗਾਮ ਦੀ ਲਿਦੜ ਵਾਦੀ, ਬੇਤਾਬ ਵੈਲੀ (ਵਾਦੀ) ਅਤੇ ਅਰੂ ਵਾਦੀ ਦੇ ਕੁਦਰਤੀ ਸੁਹੱਪਣ ਦਾ ਕੋਈ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਨਿਰਮਲ ਜਲ ਦੇ ਵਗਦੇ ਚਸ਼ਮੇ, ਬਰਫਾਨੀ ਪਾਣੀ ਦੀ ਸਰਸਰਾਹਟ ਅਤੇ ਪੱਥਰਾਂ ਵਿਚ ਪਾਣੀ ਦਾ ਕਲ੍ਹਕਲ ਕਰਦਾ ਸੂਖਮ ਸੰਗੀਤ ਕੰਨਾਂ ਨੂੰ ਮੰਤਰ ਮੁਗਧ ਕਰਕੇ ਅਤੇ ਅੱਖਾਂ ਨੂੰ ਤਰੋ ਤਾਜ਼ਾ ਕਰਦਾ ਮਨ ਨੂੰ ਅਜੀਬ ਸਕੂਨ ਦਿੰਦਾ ਹੈ ਇਹੀ ਹੈ ਧਰਤੀ ਤੇ ਸਵਰਗ।

ਪਹਿਲਗਾਮ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਪ੍ਰਸਿੱਧ ਅਸਥਾਨ ਮਟਨ ਸਾਹਿਬ ਦੇ ਦਰਸ਼ਨ ਕੀਤੇ ਜਿੱਥੇ ਪੰਡਤ ਬ੍ਰਹਮ ਦਾਸ ਨਾਲ ਗੁਰੂ ਨਾਨਕ ਦੇਵ ਜੀ ਦੀ ਗੋਸ਼ਟੀ ਹੋਈ ਅਤੇ ਉਸ ਨੂੰ ਉਪਦੇਸ਼ ਦੇ ਕੇ ਵਿਦਿਆ ਦੇ ਹੰਕਾਰ ਤੋਂ ਮੁਕਤ ਕੀਤਾ ਪੰਡਤ ਬ੍ਰਹਮ ਦਾਸ ਗੁਰੂ ਜੀ ਦਾ ਸਿੱਖ ਬਣਿਆ ਬਾਅਦ ਵਿਚ ਉਸ ਦਾ ਪੜਪੋਤਰਾ ਪੰਡਤ ਕ੍ਰਿਪਾ ਰਾਮ ਕਸ਼ਮੀਰੀ ਪੰਡਤਾਂ ਦੀ ਅਗਵਾਈ ਕਰਦਾ ਹੋਇਆ ਹਿੰਦੂ ਧਰਮ ਦੀ ਰੱਖਿਆ ਲਈ ਨੌਵੇ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਪਾਸ ਫ਼ਰਿਆਦੀ ਹੋਇਆ। ਇਸ ਅਸਥਾਨ ਤੇ ਕਸ਼ਮੀਰ ਦੇ ਗਵਰਨਰ ਸ੍ਰ: ਹਰੀ ਸਿੰਘ ਨਲੂਆ ਵਲੋਂ ਗੁਰੂ ਸਾਹਿਬ ਜੀ ਦੀ ਯਾਦ ਵਿਚ ਇਕ ਗੁਰਦੁਆਰਾ ਬਣਵਾਇਆ ਗਿਆ ਸੀ ਜੋ ਕਾਫ਼ੀ ਸਾਲਾਂ ਬਾਅਦ ਭਾਰੀ ਬਰਫਬਾਰੀ ਵਿਚ ਦਬ ਕੇ ਢਹਿ ਗਿਆ ਤਾਂ ਬਾਅਦ ਵਿਚ ਕਸ਼ਮੀਰ ਦੇ ਡੋਗਰਾ ਮਹਾਰਾਜਾ ਪ੍ਰਤਾਪ ਸਿੰਘ ਨੇ 1944 ਵਿਚ ਗੁਰਦੁਆਰੇ ਦੀ ਜਗ੍ਹਾ ਮੰਦਰ ਦੀ ਉਸਾਰੀ ਕਰਵਾ ਦਿੱਤੀ ਅਤੇ ਹੁਣ ਗੁਰਦੁਆਰਾ ਆਪਣੀ ਅਸਲ ਜਗ੍ਹਾ ਦੀ ਬਜਾਏ ਇਕ ਸਾਈਡ ਤੇ ਵੱਖਰੀ ਥਾਂ ਤੇ ਬਣਿਆ ਹੋਇਆ ਹੈ ।ਇਕ ਖੁਲ੍ਹੀ ਥਾਂ ਨੂੰ ਮੰਦਰ ਦੇ ਪ੍ਰਬੰਧਕਾਂ ਅਤੇ ਗੁਰਦੁਆਰੇ ਦੇ ਪ੍ਰਬੰਧਕਾਂ ਵਲੋਂ ਆਪੋ ਆਪਣੇ ਤਿਉਹਾਰ ਗੁਰਪੁਰਬ ਮਨਾਉਣ ਲਈ ਸਾਂਝੇ ਤੌਰ ਤੇ ਵਰਤਿਆ ਜਾਂਦਾ ਹੈ।

ਕਸ਼ਮੀਰ ਬਾਰੇ ਇਕ ਹੋਰ ਅਹਿਮ ਤੱਥ ਇਹ ਕਿ ਜਿਵੇਂ ਪੰਜਾਬ ਵਿਚ ਮਾਝਾ, ਮਾਲਵਾ, ਦੁਆਬਾ ਅਤੇ ਪੁਆਧ ਦੇ ਇਲਾਕੇ ਹਨ ਉਸੇ ਤਰ੍ਹਾਂ ਕਸ਼ਮੀਰ ਵਿਚ ਕਾਮਰਾਜ਼, ਮਰਾਜ਼ ਅਤੇ ਯਾਮਰਾਜ਼ ਤਿੰਨ ਤਰ੍ਹਾਂ ਦੀ ਇਲਾਕਾਈ ਵੰਡ ਹੈ ਜਿਸ ਵਿਚੋਂ ਕਾਮਰਾਜ ਵਿਚ ਬਾਂਦੀਪੋਰਾ, ਕੁਪਵਾੜਾ, ਬਾਰਾਮੂਲਾ, ਸੋਪੋਰ ਆਦਿ ਸ਼ਾਮਲ ਹਨ ਜਦਕਿ ਮਰਾਜ਼ ਵਿਚ ਅਨੰਤਨਾਗ, ਅਵਾਂਤੀਪੋਰਾ, ਪੰਪੋਰ ਅਤੇ ਪਹਿਲਗਾਮ ਪੈਂਦੇ ਹਨ ਅਤੇ ਯਾਮਰਾਜ ਵਿਚ ਬਡਗਾਮ, ਗੁਲਮਰਗ, ਟੰਗਮਰਗ ਅਤੇ ਚਰਾਰੇ ਸ਼ਰੀਫ ਆਦਿ ਇਲਾਕੇ ਪੈਂਦੇ ਹਨ। ਕਸ਼ਮੀਰ ਦੀਆਂ ਮਸਜ਼ਿਦਾਂ ਵਿਚ ਨਿਰਧਾਰਤ ਸਮੇਂ ਤੇ ਪੰਜੇ ਨਮਾਜ਼ਾਂ ਪੜ੍ਹੀਆਂ ਜਾਂਦੀਆਂ ਹਨ ਅਤੇ ਘਰਾਂ ਦੇ ਮਰਦ ਮੈਂਬਰ ਆਮ ਤੌਰ ਤੇ ਨੇੜੇ ਦੀ ਮਸਜ਼ਿਦ ਵਿਚ ਨਮਾਜ਼ ਪੜ੍ਹਨ ਨੂੰ ਤਰਜ਼ੀਹ ਦਿੰਦੇ ਹਨ ਜਦਕਿ ਔਰਤਾਂ ਆਪੋ ਆਪਣੇ ਘਰਾਂ ਵਿਚ ਨਮਾਜ਼ ਅਦਾ ਕਰਦੀਆਂ ਹਨ। ਕਸ਼ਮੀਰੀ ਬੱਚਿਆ ਨੂੰ ਕੁਰਾਨ ਪੜ੍ਹਾਉਣ ਲਈ ਵਿਸ਼ੇਸ਼ ਤੌਰ ਤੇ ਇਕ ਘੰਟੇ ਦੀ ਸ਼ਾਮ ਵੇਲੇ ਕਲਾਸ ਲਗਾਉਣੀ ਪੈਂਦੀ ਹੈ ਅਤੇ ਬੱਚੇ ਬੜੇ ਸ਼ੌਕ ਨਾਲ ਕੁਰਾਨ ਪੜ੍ਹਨ ਜਾਂਦੇ ਹਨ।

ਕਸ਼ਮੀਰ ਵਿਚ ਲੋਕ ਮੱਝਾਂ ਦੀ ਬਜਾਏ ਗਾਵਾਂ ਪਾਲਦੇ ਹਨ ਅਤੇ ਗਾਂ ਦੇ ਦੁੱਧ ਦਹੀਂ ਅਤੇ ਪਨੀਰ ਨੂੰ ਚੰਗਾ ਸਮਝਦੇ ਹਨ। ਕਸ਼ਮੀਰ ਦੇ ਨੌਜਵਾਨਾਂ ਨਾਲ ਗਲਬਾਤ ਤੋਂ ਪਤਾ ਚੱਲਿਆ ਕਿ ਉਹ ਉੱਚ ਵਿਦਿਆ ਲੈ ਰਹੇ ਹਨ ਅਤੇ ਉੱਚ ਵਿਦਿਆ ਲੈ ਕੇ ਵਿਦੇਸ਼ ਜਾਣ ਲਈ ਆਕਰਸ਼ਿਤ ਨਹੀਂ ਹਨ ਬਲਕਿ ਆਪਣੇ ਕਸ਼ਮੀਰ ਵਿਚ ਰਹਿ ਕੇ ਆਪਣੀ ਧਰਤੀ ਅਤੇ ਆਪਣੇ ਲੋਕਾਂ ਦੀ ਸੇਵਾ ਕਰਨ ਨੂੰ ਪਹਿਲ ਦਿੰਦੇ ਹਨ। ਉਨ੍ਹਾਂ ਦਾ ਪੰਜਾਬ ਦੇ ਲੋਕਾਂ ਨਾਲ ਇਕ ਖਾਸ ਲਗਾਅ ਹੈ ਅਤੇ ਪੰਜਾਬ ਵਾਸੀਆਂ ਨੂੰ ਸਤਿਕਾਰ ਨਾਲ ਪੇਸ਼ ਆਉਂਦੇ ਹਨ। ਕਸ਼ਮੀਰ ਦੇ ਲੋਕਾਂ ਨੂੰ ਆਪਣੀ ਧਰਤੀ, ਆਪਣੀ ਵਿਰਾਸਤ, ਆਪਣੇ ਸਭਿਆਚਾਰ, ਆਪਣੀ ਬੋਲੀ ਅਤੇ ਆਪਣੀ ਬਨਸਪਤੀ ਨਾਲ ਬੇਹੱਦ ਲਗਾਵ ਅਤੇ ਪਿਆਰ ਹੈ ਉਹ ਇਸ ਨੂੰ ਸੰਭਾਲ ਵੀ ਰਹੇ ਹਨ ਅਤੇ ਮਾਣ ਵੀ ਕਰਦੇ ਹਨ ਅਤੇ ਕੁਦਰਤ ਨਾਲ ਕੋਈ ਛੇੜ ਛਾੜ ਵੀ ਨਹੀਂ ਕਰਦੇ। ਅਕਾਲ ਪੁਰਖ ਅੱਗੇ ਅਰਦਾਸ ਹੈ ਕਿ ਸਾਡੇ ਪੰਜਾਬ ਦੇ ਬਾਸ਼ਿੰਦਿਆਂ ਨੂੰ, ਇਥੋਂ ਦੀ ਜਵਾਨੀ ਨੂੰ ਵੀ ਆਪਣੀ ਧਰਤੀ ਲਈ ਕਸ਼ਮੀਰੀ ਲੋਕਾਂ ਅਤੇ ਨੌਜਵਾਨਾ ਵਾਂਗ ਸੰਭਾਲਣ ਲਈ ਸੁਮੱਤ ਬਖਸ਼ੇ ਅਤੇ ਵਿਦੇਸ਼ੀ ਧਰਤੀ ਤੇ ਜਾਣ ਦੇ ਝੱਲ ਨੂੰ ਠੱਲ ਪਵੇ ਤਾਂ ਜੋ ਸਾਡਾ ਪੰਜਾਬ ਉਜਾੜੇ ਵੱਲ ਜਾਣ ਦੀ ਬਜਾਏ ਹੱਸਦਾ ਵੱਸਦਾ ਅਤੇ ਚਹਿਕਦਾ ਹੋਇਆ ਖੁਸ਼ੀਆਂ ਮਾਣੇ।

✽ ✽ ✽ ✽ ✽

# ਮਾਣਮੱਤੀ ਭਾਰਤੀ ਪੁਲਾੜੀ ਖੋਜ ਸੰਸਥਾਨ ਇਸਰੋ (ISRO)

**ਡਾ. ਅਜਮੇਰ ਸਿੰਘ**
ਸੈਣੀ ਭਵਨ ਰੂਪਨਗਰ



Indian Space Research Organisation (ISRO) ਭਾਰਤ ਦੀ ਰਾਸ਼ਟਰੀ ਪੁਲਾੜ ਖੋਜ ਸੰਸਥਾ ਹੈ। ਇਸ ਦੇ ਖਗੋਲ ਵਿਗਿਆਨੀਆਂ ਨੇ ਆਪਣੀ ਕੁੱਝ ਸਾਲਾਂ ਦੀ ਲਗਨ ਤੇ ਮੁਸ਼ੱਕਤ ਨਾਲ ਭਾਰਤ ਨੂੰ ਵਿਸ਼ਵ ਦੇ ਪਹਿਲੇ ਚਾਰ ਵਿਕਸਿਤ ਦੇਸ਼ਾਂ ਦੀ ਕਤਾਰ ਵਿੱਚ ਲਿਆ ਖੜ੍ਹਾ ਕੀਤਾ ਹੈ। ਇਹ ਪੁਲਾੜੀ ਖੋਜ ਸੰਸਥਾ, ਭਾਰਤ ਸਰਕਾਰ ਦੇ ਪੁਲਾੜ ਵਿਭਾਗ ਦੇ ਅਧੀਨ 1969 ਵਿੱਚ ਸਥਾਪਤ ਕੀਤੀ ਗਈ ਸੀ। ਇਸ ਦਾ ਪਹਿਲਾ ਨਾਂ 'ਇੰਡੀਅਨ ਨੈਸ਼ਨਲ ਕਮੇਟੀ ਫਾਰ ਸਪੇਸ ਰਿਸਰਚ' ਸੀ ਜੋ 1962 ਵਿੱਚ ਉਸ ਸਮੇਂ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਪ੍ਰਸਿੱਧ ਵਿਗਿਆਨੀ ਵਿਕਰਮ ਸਾਰਾਭਾਈ ਦੀ ਸਲਾਹ 'ਤੇ ਬਣਾਈ ਸੀ। ਉਦੋਂ ਇਹ ਭਾਰਤੀ ਪ੍ਰਮਾਣੂ ਊਰਜਾ ਵਿਭਾਗ ਅਧੀਨ ਕੰਮ ਕਰਦੀ ਸੀ। ਹੁਣ ਇਹ ਭਾਰਤੀ ਪ੍ਰਧਾਨ ਮੰਤਰੀ ਦੀ ਸਿੱਧੀ ਦੇਖਰੇਖ ਅਧੀਨ ਕੰਮ ਕਰਦੀ ਹੈ। ਸਤਾਰਾਂ ਕੁ ਹਜ਼ਾਰ ਮੁਲਾਜ਼ਮਾਂ ਵਾਲੀ ਇਸ ਸੰਸਥਾ ਦਾ ਮੁੱਖ ਦਫ਼ਤਰ ਬੰਗਲੌਰ ਵਿੱਚ ਹੈ। ਇਸ ਸਮੇਂ ਸ਼੍ਰੀਧਰ ਸੋਮ ਨਾਥ ਇਸ ਦੇ ਡਾਇਰੈਕਟਰ ਹਨ। ਇਸ ਦੇ ਮੁੱਖ ਕੰਮ ਹਨ- ਪੁਲਾੜੀ ਖੋਜ ਅਤੇ ਉਸ ਦੀ ਵਰਤੋਂ, ਅੰਤਰਰਾਸ਼ਟਰੀ ਪੁਲਾੜੀ ਤਾਲਮੇਲ ਅਤੇ ਸਬੰਧਿਤ ਤਕਨਾਲੋਜੀ ਦਾ ਵਿਕਾਸ ਕਰਨਾ। ਇਸ ਸਮੇਂ ਇਸਰੋ ਵਿਸ਼ਵ ਦੀਆਂ ਛੇ ਉਨ੍ਹਾਂ ਸੰਸਥਾਵਾਂ ਵਿੱਚ ਸ਼ਾਮਿਲ ਹੈ ਜੋ ਆਪਣੇ ਦੇਸ਼ ਵਿੱਚ ਬਣਾਏ ਕ੍ਰਾਇਓਜੈਨਿਕ ਇੰਜਣਾਂ ਰਾਹੀ ਉੱਪਗ੍ਰਹਿਆਂ ਨੂੰ ਪੁਲਾੜ ਵਿੱਚ ਦਾਗਣ ਅਤੇ ਇਨ੍ਹਾਂ ਨੂੰ ਸੂਰਜ ਮੰਡਲ ਤੋਂ ਬਾਹਰ ਭੇਜਣ ਦੀ ਸਮਰਥਾ ਰਖਦੀਆਂ ਹਨ। ਇਸ ਸਮੇਂ ਇਸਰੋ ਪਾਸ ਬਨਾਵਟੀ ਉੱਪਗ੍ਰਹਿਆਂ ਦੀ ਵੱਡੀ ਗਿਣਤੀ ਮੌਜੂਦ ਹੈ।

ਭਾਰਤ ਵਿੱਚ ਆਧੁਨਿਕ ਪੁਲਾੜ ਖੋਜ 1920 ਤੋਂ ਮੰਨੀ ਜਾ ਸਕਦੀ ਹੈ ਜਦੋਂ ਪ੍ਰਸਿੱਧ ਵਿਗਿਆਨੀ ਐਸ.ਕੇ. ਮਿੱਤਰਾ ਨੇ ਕਲਕੱਤਾ ਵਿਖੇ ਪੁਲਾੜ ਦੇ ਆਇਨੋਸਫੀਅਰ ਦੀ ਛਾਣਬੀਣ ਕਰਨ ਲਈ ਪ੍ਰਯੋਗ ਕਰਨੇ ਸ਼ੁਰੂ ਕੀਤੇ। ਇਸ ਤੋਂ ਬਾਅਦ ਵਿਗਿਆਨੀਆਂ-ਸੀ.ਵੀ.ਰਮਨ, ਮੇਘਨਾਦ ਸਾਹਾ, ਵਿਕਰਮ ਸਾਰਾਭਾਈ ਅਤੇ ਹੋਮੀ ਭਾਬਾ ਨੇ ਇਸ ਖੇਤਰ ਵਿੱਚ ਬਹੁਮੁੱਲਾ ਯੋਗਦਾਨ ਪਾਇਆ। ਇਸਰੋ ਨੇ ਸਭ ਤੋਂ ਪਹਿਲਾਂ ਪੁਲਾੜ ਦਾ ਅਧਿਐਨ ਕਰਨ ਲਈ ਥੁੰਬਾ ਇਕੁਆਟੋਰੀਅਲ ਰਾਕੇਟ ਲਾਂਚਿੰਸ ਸਟੇਸ਼ਨ ਤੋਂ ਸਾਊਂਡਿੰਗ ਰਾਕੇਟ ਪੁਲਾੜ ਵਿੱਚ ਭੇਜਣੇ ਸ਼ੁਰੂ ਕੀਤੇ। ਰੋਹਿਨੀ ਭਾਰਤ ਵਿੱਚ ਤਿਆਰ ਕੀਤਾ ਗਿਆ ਪਹਿਲਾ ਅਜਿਹਾ ਰਾਕੇਟ ਸੀ। ਇੰਡੀਅਨ ਆਰਡੀਨੈਂਸ ਫੈਕਟਰੀ ਦਾ ਇੱਕ ਅਧਿਕਾਰੀ ਐਚ.ਜੀ.ਐਸ. ਮੂਰਥੀ ਇਸ ਸੰਸਥਾ ਦਾ ਪਹਿਲਾ ਡਾਇਰੈਕਟਰ ਸੀ। ਇਸਰੋ ਨੇ ਪੁਲਾੜੀ ਖੇਤਰ ਵਿੱਚ ਪਹਿਲੀ ਸਫਲਤਾ 1975 ਵਿੱਚ ਦੇਸੀ ਉੱਪਗ੍ਰਹਿ ਆਰੀਆਭੱਟ ਤਿਆਰ ਕਰਕੇ ਹਾਸਲ ਕੀਤੀ ਭਾਵੇਂ ਕਿ ਇਸ ਨੂੰ ਸੋਵੀਅਤ ਸਪੇਸ ਏਜੰਸੀ ਨੇ ਆਪਣੇ ਦੇਸ਼ ਦੇ ਪੁਲਾੜ ਸਟੇਸ਼ਨ ਤੋਂ ਲਾਂਚ ਕੀਤਾ।



ਇਸ ਸੰਸਥਾ ਨੇ ਆਪਣੇ ਵਿਗਿਆਨੀਆਂ ਦੀ ਅਣਥੱਕ ਮਿਹਨਤ ਸਦਕਾ 1979 ਵਿੱਚ ਪਹਿਲਾ ਸੈਟੇਲਾਈਟ ਲਾਂਚ ਵਹੀਕਲ, ਰੋਹਿਨੀ ਟੈਕਨੋਲੋਜੀ ਪੇਅਲੋਡ ਤਿਆਰ ਕਰ ਲਿਆ ਪਰ ਇਹ ਆਪਣੇ ਮਿਸ਼ਨ ਵਿੱਚ ਸਫ਼ਲ ਨਾ ਹੋ ਸਕਿਆ। ਇਸ ਦੇ ਬਾਵਜੂਦ ਵਿਗਿਆਨੀਆਂ ਨੇ ਹੌਸਲਾ ਨਹੀਂ ਹਾਰਿਆ ਅਤੇ 1980 ਵਿੱਚ ਆਪਣੇ ਰਾਕੇਟ ਐਸ.ਐਲ.ਵੀ-3 ਰਾਹੀਂ ਰੋਹਿਨੀ ਸੀਰੀਜ਼ ਦਾ ਪਹਿਲਾ ਉੱਪਗ੍ਰਹਿ ਧਰਤੀ ਦੁਆਲੇ ਪੱਥ ਵਿੱਚ ਪਾਉਣ ਵਿੱਚ ਸਫ਼ਲ ਹੋ ਗਿਆ। ਇਸ ਪ੍ਰਾਪਤੀ ਸਦਕਾ ਭਾਰਤ ਵਿਸ਼ਵ ਦੇ ਇਸ ਖੇਤਰ ਵਿੱਚ ਪਹਿਲਾਂ ਕਾਮਯਾਬ ਹੋ ਚੁੱਕੇ ਛੇ ਦੇਸ਼ਾਂ- ਸੋਵੀਅਤ ਯੂਨੀਅਨ, ਯੂ.ਐਸ.ਏ, ਫਰਾਂਸ, ਯੂ.ਕੇ, ਚੀਨ ਅਤੇ ਜਾਪਾਨ ਦੇ ਗਰੁੱਪ ਵਿੱਚ ਸ਼ਾਮਿਲ ਹੋ ਗਿਆ।

ਇਸ ਤੋਂ ਬਾਅਦ ਨਿਰੰਤਰ ਕੋਸ਼ਿਸ਼ਾਂ ਜਾਰੀ ਰਹੀਆਂ ਅਤੇ 1985 ਵਿੱਚ ਲਿਕੁਅਡ ਪ੍ਰੋਪਲਸ਼ਨ ਸਿਸਟਮ ਸੈਂਟਰ ਕਾਇਮ ਕੀਤਾ ਗਿਆ ਜਿਸ ਸਦਕਾ ਮੀਡੀਅਮ ਲਾਂਚ ਵਹੀਕਲ ਅਤੇ ਅਗਮੈਂਟਡ ਸੇਟੇਲਾਈਟ ਲਾਂਚ ਵਹੀਕਲ( ਏ ਐਸ ਐਲ ਵੀ) ਤਿਆਰ ਕੀਤੇ ਗਏ। ਸੰਨ 1990 ਵਿੱਚ ਪੋਲਰ ਸੈਟੇਲਾਈਟ ਲਾਂਚ ਵਹੀਕਲ(ਪੀ ਐਸ ਐਲ ਵੀ) ਦਾ ਤਿਆਰ ਹੋਣਾ ਪੁਲਾੜੀ ਖੇਤਰ ਵਿੱਚ ਭਾਰਤ ਦੀ ਵਿਸ਼ੇਸ਼ ਪ੍ਰਾਪਤੀ ਸੀ। ਇਸ ਦੇ ਨਾਲ ਹੀ ਇਸਰੋ ਨੇ ਇੰਡੀਅਨ ਨੈਸ਼ਨਲ ਸੈਟੇਲਾਈਟ ਸਿਸਟਮ(ਇੰਨਸੈਟ) ਸੰਚਾਰ ਉੱਪਗ੍ਰਹਿ ਅਤੇ ਇੰਡੀਅਨ ਰੀਮੋਟ ਸੈਂਸਿੰਗ (ਆਈ.ਆਰ.ਐਸ.) ਜਿਹੇ ਮੌਸਮੀ ਤੇ ਜਹਾਜ਼ਰਾਨੀ ਉੱਪਗ੍ਰਹਿ ਤਿਆਰ ਕਰਕੇ ਧਰਤੀ ਦੁਆਲੇ ਭੇਜਣ ਵਿੱਚ ਸਫ਼ਲਤਾ ਹਾਸਲ ਕਰ ਲਈ।

ਇਸਰੋ ਨੇ ਆਪਣਾ ਜਿਉਸਿਨਕਰੋਨਸ ਸੈਟੇਲਾਈਟ ਲਾਂਚ ਵਹੀਕਲ (ਜੀ ਐਸ ਐਲ ਵੀ) ਤਿਆਰ ਕਰ ਕੇ ਵਿਸ਼ਵ ਵਿੱਚ ਆਪਣਾ ਵਿਸ਼ੇਸ਼ ਸਥਾਨ ਬਣਾ ਲਿਆ। ਇਸ ਨੇ ਆਪਣੇ ਗਲੋਬਲ ਪੋਜ਼ੀਸ਼ਨਲ ਸਿਸਟਮ(ਜੀ ਪੀ ਐਸ) ਲਈ ਸੈਟੇਲਾਈਟ ਨੈਵੀਗੇਸ਼ਨ ਸਿਸਟਮ (ਆਈ ਆਰ ਐਨ ਐਸ

ਐਸ) ਤਿਆਰ ਕਰ ਕੇ ਸਾਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ। ਸੰਨ 2008 ਵਿੱਚ ਇਸਰੋ ਨੇ ਚੰਨ ਦੀ ਧਰਤੀ 'ਤੇ ਪਾਣੀ ਦੀ ਹੋਂਦ ਦਾ ਪਤਾ ਲਗਾਉਣ ਲਈ ਚੰਦਰਯਾਨ-1 ਭੇਜਿਆ ਅਤੇ 2013 ਵਿੱਚ ਮਾਰਜ਼ ਆਰਬੀਟਰ ਮਿਸ਼ਨ ਅਧੀਨ ਮੰਗਲ ਗ੍ਰਹਿ ਦੀ ਧਰਤੀ ਦੀ ਪਰਖ ਕਰਨ ਲਈ ਪਹਿਲਾ ਏਸ਼ੀਅਨ ਸਪੇਸ ਕਰਾਫਟ ਭੇਜਿਆ। ਇਸ ਸਮੇਂ ਮਿਲਟਰੀ ਅਤੇ ਸਿਵਲੀਅਨ ਵਰਤੋਂ ਲਈ ਇਸਰੋ ਦੇ ਸੰਚਾਰ ਅਤੇ ਅਰਥ ਇਮੇਜਿੰਗ ਸੈਟੇਲਾਈਟਸ ਦੀ ਗਿਣਤੀ ਵਿਸ਼ਵ ਦੇ ਗਿਣੇ ਚੁਣੇ ਦੇਸ਼ਾਂ ਦੇ ਬਰਾਬਰ ਹੈ।

ਆਪਣੇ ਬਹੁਪੱਖੀ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਇਸਰੋ ਨੇ ਭਿੰਨ ਭਿੰਨ ਸਥਾਨਾਂ 'ਤੇ ਏਜੰਸੀਆਂ ਕਾਇਮ ਕਰ ਰੱਖੀਆਂ ਹਨ। ਇਨ੍ਹਾਂ ਵਿੱਚ ਇੰਡੀਅਨ ਸਪੇਸ ਰਿਸਰਚ ਆਰਗੇਨਾਈਜ਼ੇਸ਼ਨ, ਐਂਟਰਿਕਸ ਕਾਰਪੋਰੇਸ਼ਨ, ਫਿਜ਼ੀਕਲ ਰਿਸਰਚ ਲੈਬਾਰਟਰੀ ਅਹਿਮਦਾਬਾਦ, ਗਦੰਕੀ (ਆਂਧਰਾ ਪ੍ਰਦੇਸ਼) ਵਿੱਚ ਨੈਸ਼ਨਲ ਐਟਮੈਸਫੈਰਿਕ ਰਿਸਰਚ ਲੈਬ, ਨਿਊਸਪੇਸ ਇੰਡੀਅਨ ਲਿਮਟਿਡ ਬੰਗਲੌਰ, ਉਮੀਆਮ ਵਿਖੇ ਨਾਰਥ ਈਸਟਰਨ ਸਪੇਸ ਐਪਲੀਕੇਸ਼ਨਜ਼ ਸੈਨਟਰ ਅਤੇ ਇੰਡੀਅਨ ਇੰਸਟੀਚਿਊਟ ਆਫ਼ ਸਪੇਸ ਸਾਇੰਸ ਐਂਡ ਟੈਕਨਾਲੋਜੀ,(ਪੁਲਾੜ ਯੂਨੀਵਰਸਿਟੀ) ਤ੍ਰਿਵਿੰਦਰਮ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਉੱਪਗ੍ਰਹਿਆਂ ਲਈ ਲਾਂਚਿੰਗ ਸਥਾਨ, ਸਤੀਸ਼ ਧਵਨ ਸਪੇਸ ਸੈਂਟਰ ਅਤੇ ਦਿਹਰਾਦੂਨ ਵਿਖੇ ਇੰਡੀਅਨ ਇੰਸਟੀਚਿਊਟ ਆਫ਼ ਰਿਮੋਟ ਸੈਂਸਿੰਗ ਇਸ ਦੇ ਪ੍ਰਮੁੱਖ ਅਦਾਰੇ ਹਨ।

ਇਸਰੋ ਨੇ ਭਾਰਤ ਦੀਆਂ ਪ੍ਰਮੁੱਖ ਰੱਖਿਆ ਏਜੰਸੀਆਂ ਦੀ ਰਾਖੀ ਲਈ ਵੀ ਜਾਸੂਸੀ ਯੰਤਰ ਵੀ ਵਿਕਸਿਤ ਕੀਤੇ ਹਨ। ਇਸ ਅਧੀਨ ਦੇਸ਼ ਦੇ ਮਿਲਟਰੀ ਅਤੇ ਸਿਵਲੀਅਨ ਸੁਰੱਖਿਆ ਅਦਾਰਿਆਂ ਦੇ ਕੀਮਤੀ ਢਾਂਚੇ ਦੀ ਨਿਗਰਾਨੀ ਲਈ ਇਸ ਨੇ ਦੇਸ਼ ਵਿੱਚ ਚਾਰ ਸਥਾਨਾਂ 'ਤੇ ਰਡਾਰ ਅਤੇ ਦੂਰਬੀਨਾਂ ਸਥਾਪਿਤ ਕਰਨ ਦੀ ਯੋਜਨਾ ਬਣਾਈ ਹੈ। ਦੇਸ਼ ਦੇ ਉੱਪਗ੍ਰਹਿਆਂ ਨੂੰ ਅੰਤਰਰਾਸ਼ਟਰੀ ਮਿਜ਼ਾਈਲਾਂ ਦੇ ਹਮਲਿਆਂ ਤੋਂ ਬਚਾਈ ਰੱਖਣ ਲਈ ਇਸਰੋ ਨੇ 'ਨੈਟਵਰਕ ਫ਼ਾਰ ਸਪੇਸ ਆਬਜੈਕਟ ਟਰੈਕਿੰਗ ਐਂਡ ਅਨੈਲੇਸਿਸ' (ਓਨ੍ਹਅ) ਸਥਾਪਤ ਕੀਤਾ ਹੈ ਜਿਸ ਨਾਲ ਇਸ ਸਬੰਧੀ ਵਿਦੇਸ਼ਾਂ 'ਤੇ ਨਿਰਭਰਤਾ ਸਮਾਪਤ ਹੋ ਜਾਏਗੀ। ਇਸ ਨੇ ਭਾਰਤ ਦੇ ਜਾਸੂਸੀ ਮਿਸ਼ਨ ਦੀ ਸਫਲਤਾ ਲਈ ਕਾਰਗਰ ਪ੍ਰਬੰਧ ਕੀਤੇ ਹਨ। ਇਸਰੋ ਨੇ ਆਪਣੇ ਉਪਗ੍ਰਹਿਆਂ ਰਾਹੀਂ ਕੁਦਰਤੀ ਆਫ਼ਤਾਂ ਦੇ ਸਥਾਨਾਂ ਦੀ ਪਛਾਣ ਕਰਨ ਅਤੇ ਇਨ੍ਹਾਂ ਤੋਂ ਹੋਣ ਵਾਲੇ ਨੁਕਸਾਨ ਨੂੰ ਘਟਾਉਣ ਲਈ ਵੀ ਸ਼ਲਾਘਾਯੋਗ ਉਪਰਾਲੇ ਕੀਤੇ ਹਨ ਅਤੇ ਦੂਰਦੁਰਾਡੇ ਇਲਾਕੇ ਦੇ ਮਰੀਜ਼ਾਂ ਦੀ ਟੈਲੀਮੈਡੀਸੀਨ ਰਾਹੀ ਬਹੁਮੁੱਲੀ ਸਹਾਇਤਾ ਕੀਤੀ ਹੈ। ਇਸ ਪੁਲਾੜ ਸੰਸਥਾ ਵਲੋਂ ਵਿਕਸਿਤ ਕੀਤੀ ' ਸਪਿੰਨ ਆਫ਼ ਟੈਕਨੌਲੋਜੀ' ਨੇ ਭਾਰਤੀ ਇੰਜਨੀਅਰਿੰਗ ਅਤੇ ਮੈਡੀਕਲ ਉਦਯੋਗ ਲਈ ਐਡਹਿਜ਼ਵ ਥਰਮਲ ਬੈਰੀਅਰ ਅਤੇ ਸਸਤੇ ਹਰਟ ਪੰਪ ਤਿਆਰ ਕਰ ਕੇ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਇਆ ਹੈ। ਇਸ ਸਮੇਂ ਭਾਰਤ ਪਾਸ ਦੁਨੀਆਂ ਦਾ ਸਭ ਤੋਂ ਵੱਡਾ ਰਿਮੋਟ ਸੈਂਸਿੰਗ ਉੱਪਗ੍ਰਹਿ ਸਮੂਹ ਹੈ। ਇਸ ਦੇ ਘਅਘਅਂ ਅਤੇ IRNSS ਸੈਟੇਲਾਈਟ ਨੇਵੀਗੇਸ਼ਨ ਸਿਸਟਮ ਪੂਰੀ ਕਾਮਯਾਬੀ ਨਾਲ ਕਾਰਜ ਕਰ ਰਹੇ ਹਨ।

30 ਜੁਲਾਈ, 2023 ਨੂੰ ਇਸਰੋ ਨੇ ਆਪਣੇ 44.4 ਮੀਟਰ ਲੰਮੇ ਪੀਐਸ ਐਲਵੀ ਰਾਕੇਟ ਰਾਹੀਂ ਸਿੰਗਾਪੁਰ ਦੇਸ਼ ਦੇ ਸੱਤ ਉੱਪਗ੍ਰਹਿਆਂ ਨੂੰ ਸ੍ਰੀ ਹਰੀ ਕੋਟਾ ਦੇ ਸਤੀਸ਼ ਧਵਨ ਪੁਲਾੜ ਕੇਂਦਰ ਤੋਂ ਸਫ਼ਲਤਾਪੂਰਬਕ ਲਾਂਚ ਕਰ ਕੇ ਆਪਣੇ ਨਿਰਧਾਰਤ ਪੰਧ 'ਤੇ ਪਾ ਦਿੱਤਾ ਹੈ। ਇਨ੍ਹਾਂ ਉੱਪਗ੍ਰਹਿਆਂ ਦਾ ਉਪਯੋਗ ਸਿੰਗਾਪੁਰ ਸਰਕਾਰ ਦੀਆਂ ਏਜੰਸੀਆਂ ਦੀ ਸੈਟੇਲਾਈਟ ਇਮੇਜਿੰਗ ਦੀਆਂ ਲੋੜਾਂ ਦੀ ਪੂਰਤੀ ਲਈ ਕੀਤਾ ਜਾਵੇਗਾ। ਇਸ ਸੰਸਥਾ ਨੇ 23 ਅਗਸਤ, 2023 ਨੂੰ ਚੰਦਰਯਾਨ-3 ਨੂੰ ਸਫ਼ਲਤਾਪੂਰਬਕ ਚੰਦ ਦੀ ਸਤਹਿ 'ਤੇ ਪਹੰਚਾ ਕੇ ਪ੍ਰਸ਼ੰਸਾਯੋਗ ਕਾਰਜ ਕੀਤਾ ਹੈ। ਇਸ ਸਾਲ 2 ਸਤੰਬਰ ਨੂੰ ਸੂਰਜੀ ਭੇਦ ਦਾ ਪਰਦਾ ਚੁੱਕਣ ਦੀ ਅਦਿੱਤਿਆ ਐਲ-1 ਭੇਜਿਆ ਗਿਆ ਜੋ ਸੂਰਜ ਦੁਆਲੇ ਇੱਕ ਨਿਸ਼ਚਿੱਤ ਪੱਥ ਵਿੱਚ ਸਥਾਪਤ ਹੋ ਕੇ ਚੱਲੇਗਾ।

ਇਸਰੋ ਦੇ ਵਿਗਿਆਨੀਆਂ ਨੇ ਖਗੋਲ ਖੇਤਰ ਵਿੱਚ ਭਾਰਤ ਨੂੰ ਸਿਖਰਲਾ ਸਥਾਨ ਦਿਵਾਉਣ ਲਈ ਕਈ ਨਿਕਟਵਰਤੀ ਅਤੇ ਦੀਰਘਕਾਲੀਨ ਭਵਿੱਖੀ ਯੋਜਨਾਵਾਂ ਉਲੀਕੀਆਂ ਹਨ। ਇਨ੍ਹਾਂ ਵਿੱਚ ਉੱਪਗ੍ਰਹਿਆਂ ਦੀ ਗਿਣਤੀ ਨੂੰ ਹੋਰ ਵਧਾਉਣਾ, ਚੰਦ 'ਤੇ ਰੋਵਰ ਨੂੰ ਉਤਾਰਨਾ, ਪੁਲਾੜ ਵਿੱਚ ਮਨੁੱਖ ਨੂੰ ਭੇਜਣਾ, ਮਿੱਟੀ ਦੇ ਤੇਲ, ਮੀਥੇਨ ਅਤੇ ਤਰਲ ਆਕਸੀਜਨ ਨਾਲ ਚੱਲਣ ਵਾਲੇ ਸੈਮੀ ਕ੍ਰਾਇਓਜੈਨਿਕ ਇੰਜਣਾਂ ਦਾ ਨਿਰਮਾਣ, ਮੰਗਲ (ਮੰਗਲਯਾਨ), ਸ਼ੁੱਕਰ (ਸ਼ੁਕਰਯਾਨ) ਅਤੇ ਸੂਰਜ (ਅਦਿਤਿਯ)'ਤੇ ਉੱਪਗ੍ਰਹਿ ਭੇਜਣਾ ਅਤੇ ਸੂਰਜ ਮੰਡਲ ਤੋਂ ਬਾਹਰ ਕਾਸਮਿਕ ਕਿਰਨਾਂ ਦੇ ਅਧਿਐਨ ਲਈ ਹੋਰ ਅਕਾਸ਼ੀ ਦੂਰਬੀਨਾਂ ਸਥਾਪਤ ਕਰਨਾ ਸ਼ਾਮਲ ਹੈ। ਇਨ੍ਹਾਂ ਤੋਂ ਇਲਾਵਾ ਅਮਰੀਕਾ ਦੇ ਸਪੇਸ ਸ਼ਟਲ ਵਰਗੇ ਮੁੜਵਰਤਣਯੋਗ, ਭਾਰੇ ਅਤੇ ਅਤਿ ਭਾਰੇ ਲਾਂਚ ਵਹੀਕਲਾਂ ਦਾ ਨਿਰਮਾਣ, ਪੁਲਾੜ ਸਟੇਸ਼ਨ ਦੀ ਸਥਾਪਨਾ, ਬਾਹਰੀ ਗ੍ਰਹਿਆਂ ਜੂਪੀਟਰ, ਯੂਰੇਨਸ ਤੇ ਨੈਪਚੂਨ, ਐਸਟ੍ਰਾਇਡਜ਼ ਨੂੰ ਖੋਜ ਉੱਪਗ੍ਰਹਿ ਭੇਜਣਾ ਅਤੇ ਚੰਦ ਤੇ ਹੋਰ ਗ੍ਰਹਿਆਂ ਦੇ ਕੁਦਰਤੀ ਗ੍ਰਹਿਆਂ 'ਤੇ ਮਨੁੱਖੀ ਉੱਪਗ੍ਰਹਿ ਭੇਜਣ ਜਿਹੀਆਂ ਦੀਰਘਕਾਲੀਨ ਯੋਜਨਾਵਾਂ ਹਨ। ਇਸ ਦੇ ਨਾਲ ਹੀ ਬਿਜਲੀ ਅਤੇ ਪ੍ਰਮਾਣੂ ਊਰਜਾ ਨਾਲ ਚੱਲਣ ਵਾਲੇ ਉੱਪਗ੍ਰਹਿ ਤਿਆਰ ਕਰਨ ਦੀਆਂ ਯੋਜਨਾਵਾਂ 'ਤੇ ਵੀ ਗਰਮਜੋਸ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ। ਪੁਲਾੜੀ ਖੇਤਰ ਵਿੱਚ ਭਾਰਤ ਦੀ ਸਫ਼ਲਤਾ ਦਾ ਸਿਹਰਾ ਵਿਗਿਆਨੀਆਂ ਸਿਰ ਬੱਝਦਾ ਹੈ।

❊ ❊ ❊ ❊ ❊



SAINI CHARITABLE EDUCATION TRUST (Regd.)
SAINI BHAWAN, RUPNAGAR

# SCHOLARSHIPS 2023-24

Compiled by
Amarjit Singh
Saini Bhawan, Rupnagar

## DONORS OF REGULAR SCHOLARSHIPS

| S.NO | Name of Donor | Donated Amt. | Name of Scholarship |
|---|---|---|---|
| 1 | Late Sh.Lekh Raj Mundra<br>Haveli Kalan, Rupnagar. | 70,00,000<br>2,49,897 | Sh. L. R. Mundra Memorial Scholarship<br>Sh.Munshi Ram Memorial scholarship. |
| 2 | Mrs. Jaspal Kaur W/o S. Baldev Singh Mundra,<br>Kandivali-East,Mumbai | 29,75,000 | Mata Durgi Devi Saini/ S. Mota Singh Saini Memorial Scholarship |
| 3 | Lt.Col.Gurdas Ram Saini (Retd.)<br>#192/D.C.Road Hoshiarpur | 20,45,000 | Lt.Col.G.R.Saini & Smt. Kaushalya Devi Memorial Scholarship |
| 4 | S.Hardev Singh Saini<br>Flemington (U.S.A.) | 11,00,000 | Sri Ram/ Hardev Singh Scholarship |
| 5 | S.Gurmukh Singh Saini (MC)<br>S.B.S. Nagar, Rupnagar. | 4, 02,000 | S.Gurbax Singh Nuhon Memorial Scholarship |
| 6 | Sh.Lajpat Rai Saini<br>East of Kailash, New Delhi | 3,49,000 | Baboo Ram Saini Memorial Scholarship |
| 7 | S.Tekpal Singh Saini<br>Faridabad (Haryana) | 3,32,000 | Mata Prem Kaur /S.Pritm Singh Nambardar Memorial Scholarship |
| 8 | Dr. Swaran Singh PAU/ Mrs Rajinder Kaur Ludhiana | 2,51,100 | Mata Gayanty Devi Memorial Scholarship |
| 9 | Mrs.Baldev Chaudhry<br>G.Z.S.Nagar, Rupnagar. | 2,10 ,000 | Sh.P.C.Saini Memorial Scholarship |
| 10 | Late Mrs.Rajinder Kaur W/o Dr.Rajwant Singh,<br>S.A.S.Nagar (Mohali). | 2,00,000 | Mata Sham Kaur Khuaspura Memorial Scholarship |
| 11 | Dr.Rajwant Singh<br>SAS Nagar (Mohali). | 2,00,000 | S.Hardip Singh Tehsildar Memorial Scholarship |
| 12 | S.Gurinder Singh Toni<br>Guru Nanak Tent, Rupnagar. | 1,80,000 | Smt.Ajmer Kaur Memorial Scholarship |
| 13 | Mrs.Gurjinder Kaur W/o Sh. Rajesh Chaudhry,<br>D.C.Road, Hoshiarpur. | 1,75,000 | Smt. Gurjinder Kaur /Sh.Rajesh Chaudhry Scholarship. |
| 14 | Mr.Ujjal Singh Dosanjh<br>Vancouver (Canada). | 1,50,000 | Sh.Ujjal Singh Dosanjh Scholarship |
| 15 | Late Sh. B.R.Tumber SDO (Retd.)<br>New Delhi | 1,46,200 1. | Hakim Jethu Ram, Smt. Kailash Tumber & Sh.B.R.Tumber Memorial Scholarship |
| 16 | Smt.Ranjit Kaur D/o S. Mahinder Singh Girn (USA). | 1,17,000 | S.Mahinder Singh Girn Memorial Scholarship |
| 17 | Sh.Charan Singh Saini<br>Sunny Enclave, Sector-125, S.A.S.Nagar | 1,03,000 | Sh.Charan Singh Saini Scholarship |
| 18 | Flt. Lt. (Hon) Tarlochan Singh (Retd.)<br>Mohali | 1,00,000 | Mata Swaran Kuar Memorial Scholarship |
| 19 | Dr. Jaswant Kaur Saini<br>Guru Nagar, Rupnagar. | 1,00,000 | Smt.Swaran Kaur/ S. Jagat Singh Memorial Scholarship |
| 20 | Sh.Gurmit Singh Jattana<br>Chandigarh. | 1,00,000 | S.Bakhtawar Singh Memorial Scholarship |
| 21 | Smt.Harbans Kaur & Late Sh.Trilochan Singh, Hotel Amer Palace,BHOPAL | 93,500 | Smt.Harbans Trilochan Scholarship |
| | | | |

# ਆਓ ਚੰਗੇ ਕਰਮ ਕਮਾਈਏ



ਡਾ. ਰਣਜੀਤ ਸਿੰਘ
ਲੁਧਿਆਣਾ

ਪੰਜਾਬੀਆਂ ਬਾਰੇ ਇਹ ਪ੍ਰਸਿੱਧ ਹੈ ਕਿ ਇਹ ਮਿਹਨਤੀ ਲੋਕ ਹਨ। ਕਿਰਤ ਕਰਦੇ ਹਨ, ਉਸ ਨੂੰ ਵੰਡ ਕੇ ਛਕਦੇ ਹਨ ਅਤੇ ਪਰਮਾਤਮਾ ਦਾ ਸ਼ੁਕਰ ਕਰਦੇ ਹਨ। ਧਰਮ ਕੋਈ ਵੀ ਹੋਵੇ, ਸਾਰੇ ਪੰਜਾਬੀ ਬਾਬਾ ਨਾਨਕ ਦੇ ਹੁਕਮਾਂ ਅਨੁਸਾਰ ਆਪਣੇ ਜੀਵਨ ਨੂੰ ਸੇਧ ਦਿੰਦੇ ਹਨ। ਪਰ ਪਿਛਲੇ ਕੁੱਝ ਸਮੇਂ ਤੋਂ ਵੇਖਿਆ ਜਾ ਰਿਹਾ ਹੈ ਕਿ ਪੰਜਾਬੀ ਆਪਣੇ ਇਨ੍ਹਾਂ ਗੁਣਾਂ ਤੋਂ ਦੂਰ ਹੋ ਰਹੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੀ ਬਹੁਗਿਣਤੀ ਖੇਤੀ ਨਾਲ ਸਬੰਧਿਤ ਹੈ ਅਤੇ ਖੇਤੀ ਇੱਕ ਚੰਗੀ ਕਿਰਤ ਹੀ ਹੁੰਦੀ ਹੈ। ਪਰ ਕੁੱਝ ਪੰਜਾਬੀ ਅਜਿਹੇ ਵੀ ਹਨ ਜਿਨ੍ਹਾਂ ਵਿੱਚ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਮਿਲਾਵਟ, ਹੈਂਕੜ ਆਦਿ ਬੁਰਾਈਆਂ ਦਾ ਵਾਧਾ ਹੋ ਰਿਹਾ ਹੈ। ਸਮਾਜ ਵਿੱਚੋਂ ਇਮਾਨਦਾਰੀ ਦੇ ਨਾਲੋ ਨਾਲ ਹਮਦਰਦੀ ਵੀ ਖ਼ਤਮ ਹੋ ਰਹੀ ਹੈ।

ਅਸੀਂ ਵਿਖਾਵੇ ਲਈ ਖੁਲ੍ਹ ਕੇ ਖਰਚ ਕਰਦੇ ਹਾਂ, ਪਰ ਲੋੜਵੰਦਾਂ ਦੀ ਸਹਾਇਤਾ ਕਰਨ ਤੋਂ ਕੰਨੀ ਕਤਰਾਉਣ ਲਗ ਪਏ ਹਾਂ। ਕੋਈ ਸਮਾਂ ਸੀ ਕਿ ਜਦੋਂ ਕਿਸੇ ਉੱਤੇ ਕੋਈ ਮੁਸੀਬਤ ਆਉਂਦੀ ਸੀ ਤਾਂ ਸਾਰਾ ਭਾਈਚਾਰਾ ਉਸ ਦੀ ਸਹਾਇਤਾ ਲਈ ਨਾਲ ਖੜ੍ਹਾ ਹੁੰਦਾ ਸੀ। ਜਿਸ ਕੋਲ ਵਸੀਲੇ ਹੁੰਦੇ ਸਨ ਉਹ ਲੋੜਵੰਦਾਂ ਦੀ ਸਭ ਤੋਂ ਵੱਧ ਸਹਾਇਤਾ ਕਰਦਾ ਸੀ। ਹੁਣ ਇਸ ਦੇ ਉਲਟ ਹੋ ਰਿਹਾ ਹੈ। ਜਿਵੇਂ ਜਿਵੇਂ ਕਿਸੇ ਕੋਲ ਵਸੀਲੇ ਵਧਦੇ ਹਨ ਉਹ ਲੋੜਵੰਦਾਂ ਦੀ ਸਹਾਇਤਾ ਕਰਨ ਤੋਂ ਕੰਨੀ ਕਤਰਾਉਣ ਲਗ ਪੈਂਦਾ ਹੈ। ਉਸ ਵਿੱਚੋਂ ਹਮਦਰਦੀ ਸ਼ਬਦ ਮਨਫ਼ੀ ਹੋਣ ਲਗਦਾ ਹੈ। ਸ਼ਇਦ ਇਸੇ ਕਰਕੇ ਪੰਜਾਬ ਵਿੱਚ ਗਰੀਬ ਕਿਸਾਨ ਖੁਦਕੁਸ਼ੀ ਕਰਨ ਲਈ ਵਧੇਰੇ ਮਜ਼ਬੂਰ ਹੋ ਰਹੇ ਹਨ। ਗਰੀਬ ਦੀ ਬਾਂਹ ਫੜਨ ਵਾਲਿਆਂ ਦੀ ਗਿਣਤੀ ਘਟ ਰਹੀ ਹੈ। ਹੁਸ਼ਿਆਰ ਪਰ ਗਰੀਬ ਬੱਚੇ ਪੜ੍ਹਾਈ ਤੋਂ ਦੂਰ ਹੋਣ ਲਈ ਮਜ਼ਬੂਰ ਹੋ ਰਹੇ ਹਨ।

ਅੰਗ੍ਰੇਜ਼ੀ ਵਿੱਚ ਦੋ ਸ਼ਬਦ ਹਨ-sympathy ਅਤੇ empathy, ਹਮਦਰਦੀ ਬਾਰੇ ਪੰਜਾਬੀ ਜਾਣਦੇ ਹਨ ਭਾਵੇਂ ਬਹੁਗਿਣਤੀ ਇਸ ਭਾਵਨਾ ਤੋਂ ਵੀ ਦੂਰ ਹੋ ਰਹੀ ਹੈ। ਸੜਕ ਵਿੱਚ ਹੋਏ ਹਾਦਸੇ ਲਈ ਮਦਦ ਕਰਨ ਨੂੰ ਸਾਈਕਲ ਸਵਾਰ ਤਾਂ ਜ਼ਰੂਰ ਖੜ੍ਹਾ ਹੋ ਜਾਵੇਗਾ ਪਰ ਕਾਰ ਵਾਲਾ ਕੋਈ ਘਟ ਵੱਧ ਹੀ ਬਰੇਕ ਮਾਰਦਾ ਹੈ। ਇਹ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਇਸ ਨਾਲ ਭਾਈਚਾਰੇ ਦੀ ਭਾਵਨਾ ਨੂੰ ਠੇਸ ਪੁੱਜਦੀ ਹੈ ਅਤੇ ਰਿਸ਼ਤਿਆਂ ਦਾ ਨਿੱਘ ਘੱਟ ਹੋਣ ਲਗਦਾ ਹੈ। ਜਿੱਥੋਂ ਤੱਕ ਇਮਪਓਟਹੇ ਸ਼ਬਦ ਦਾ ਸਬੰਧ ਹੈ ਪੰਜਾਬੀਆਂ ਵਿੱਚ ਇਸ ਦੀ ਘਾਟ ਰੜਕਦੀ ਹੈ। ਪੰਜਾਬੀ ਵਿੱਚ ਇਸ ਸ਼ਬਦ ਦਾ ਅਨੁਵਾਦ ਅਹਿਸਾਸ ਜਾਂ ਸੰਵੇਦਨਸ਼ੀਲਤਾ ਹੈ। ਇਸ ਦਾ ਭਾਵ ਹੈ ਕਿ ਜਦੋਂ ਅਸੀਂ ਕੋਈ ਕਰਮ ਕਰਦੇ ਹਾਂ ਤਾਂ ਉਦੋਂ ਇਹ ਮਹਿਸੂਸ ਕਰਨਾ ਕਿ ਜੇਕਰ ਕੋਈ ਮੇਰੇ ਨਾਲ ਅਜਿਹਾ ਕਰੇ ਤਾਂ ਮੈਨੂੰ ਕਿਵੇਂ ਮਹਿਸੂਸ ਹੋਵੇਗਾ। ਪੰਜਾਬੀ ਇਸ ਗੁਣ ਤੋਂ ਬਿਲਕੁਲ ਹੀ ਦੂਰ ਹੋ ਰਹੇ ਹਨ।

ਅਸੀਂ ਕੇਵਲ ਆਪਣੇ ਬਾਰੇ ਹੀ ਸੋਚਦੇ ਹਾਂ। ਲਾਈਨ ਵਿੱਚ ਖੜ੍ਹੇ ਹੋ ਕੇ ਆਪਣੀ ਵਾਰੀ ਦੀ ਉਡੀਕ ਨਾ ਕਰਨੀ, ਅੱਗੇ ਲੰਘਣ ਲਈ ਧੱਕੇ ਮਾਰਨੇ, ਪੈਸੇ ਕਮਾਉਣ ਲਈ ਰਿਸ਼ਵਤ ਮੰਗਣੀ, ਮਿਲਾਵਟ ਕਰਨੀ, ਦੂਜਿਆਂ ਦਾ ਹੱਕ ਮਾਰਨਾ ਆਮ ਜਿਹਾ ਬਣਦਾ ਜਾ ਰਿਹਾ ਹੈ। ਅਜਿਹਾ ਕਰਦੇ ਸਮੇਂ ਅਸੀਂ ਗੁਰੂ ਨਾਨਕ ਸਾਹਿਬ ਦੇ ਉਪਦੇਸ਼ਾਂ- ਕਿਰਤ ਕਰਨੀ, ਵੰਡ ਕੇ ਛਕਣਾ ਅਤੇ ਨਾਮ ਜਪਣਾ ਨੂੰ ਭੁੱਲ ਹੀ ਜਾਂਦੇ ਹਾਂ। ਕਿਰਤ ਉਹ ਹੁੰਦੀ ਹੈ ਜੋ ਇਮਾਨਦਾਰੀ ਨਾਲ ਕੀਤੀ ਜਾਵੇ। ਵੰਡ ਕੇ ਛਕਣ ਵਾਲਾ, ਹੇਰਾ-ਫੇਰੀ, ਮਿਲਾਵਟ, ਬੇਈਮਾਨੀ ਆਦਿ ਨਹੀਂ ਕਰਦਾ। ਜਿਹੜਾ ਅਜਿਹੇ ਕਰਮ ਕਰਦਾ ਹੈ ਉਹ ਨਾਮ ਨਹੀ ਜਪ ਸਕਦਾ। ਜੇਕਰ ਕੋਈ ਜਪਦਾ ਹੈ ਤਾਂ ਵਿਖਾਵਾ ਕਰਦਾ ਹੈ। ਨਾਮ ਜਪਣ ਵਾਲਾ ਹਮੇਸ਼ਾਂ ਰਹਿਮ ਦਿਲ ਸੱਚਾ ਤੇ ਸੁੱਚਾ ਜੀਵਨ ਜਿਉਣ ਦਾ ਯਤਨ ਕਰਦਾ ਹੈ। ਕਿਸੇ ਸਮੇਂ ਪੰਜਾਬ ਦੇਸ਼ ਦਾ ਸਭ ਤੋਂ ਵੱਧ ਵਿਕਸਤ ਸੂਬਾ ਮੰਨਿਆਂ ਜਾਂਦਾ ਸੀ। ਭਾਰਤ ਵਿੱਚ ਹੀ ਨਹੀਂ ਸਗੋਂ ਸਾਰੇ ਸੰਸਾਰ ਵਿੱਚੋਂ ਸਮਾਜਿਕ ਵਿਗਿਆਨੀ ਇਸ ਚਮਤਕਾਰ ਦਾ ਅਧਿਐਨ ਕਰਨ ਆਉਂਦੇ ਸਨ। ਉਹ ਕਈ ਕਈ ਮਹੀਨੇ ਆਮ ਘਰਾਂ ਵਿੱਚ ਰਹਿ ਕੇ ਪੰਜਾਬੀ ਗੁਣਾਂ ਦੀ ਘੋਖ ਕਰਦੇ ਸਨ। ਪੰਜਾਬੀਆਂ ਨੇ 1947 ਵਿੱਚ ਹੋਈ ਬਰਦਾਦੀ ਅਤੇ ਉਜਾੜੇ ਵਿੱਚੋਂ ਸਭ ਕੁੱਝ ਗੁਆ ਕੇ ਅਤੇ ਫਿਰ ਮਿਹਨਤ ਕਰ ਕੇ ਆਪਣੇ ਆਪ ਨੂੰ ਪੈਰਾਂ ਉੱਤੇ ਹੀ ਖੜ੍ਹਾ ਹੀ ਨਹੀਂ ਕੀਤਾ ਸਗੋਂ ਅਗਾਂਹ ਵਧਣ ਲਈ ਇੱਕ ਦੂਜੇ ਨਾਲ ਸਕਾਰਾਤਮਕ ਮੁਕਾਬਲਾ ਵੀ ਕੀਤਾ। ਪਰ ਹੁਣ ਇਹ ਗੁਣ ਵਿਸਾਰੇ ਜਾ ਰਹੇ ਹਨ।

ਪੰਜਾਬੀ ਕਿਰਤ ਤੋਂ ਦੂਰ ਹੋ ਰਹੇ ਹਨ। ਨਵੀਂ ਪੀੜ੍ਹੀ ਤਾਂ ਖੇਤਾਂ ਅਤੇ ਰਸੋਈ ਘਰਾਂ ਤੋਂ ਦੂਰ ਹੋ ਰਹੀ ਹੈ। ਨੌਜਵਾਨ ਹੁਣ ਦੂਜੇ ਸੂਬਿਆਂ ਤੋਂ ਆਏ ਕਾਮਿਆਂ ਉੱਤੇ ਨਿਰਭਰ ਹੋ ਰਹੇ ਹਨ। ਜਿਹੜੇ ਕਦੇ ਪੰਜਾਬੀਆਂ ਦੇ ਗੁਣ ਸਨ ਹੁਣ ਬਾਹਰੋਂ ਆਏ ਕਾਮੇ ਪੰਜਾਬੀਆਂ ਤੋਂ ਇਹ ਗੁਣ ਸਿੱਖ ਕੇ ਇਨ੍ਹਾਂ ਅਨੁਸਾਰ ਕਾਰਜ ਕਰ ਰਹੇ ਹਨ। ਹੁਣ ਉਨ੍ਹਾਂ ਦਾ ਸਾਰਾ ਟੱਬਰ ਚੰਗੇ ਭਵਿੱਖ ਲਈ ਦਿਨ ਰਾਤ ਮਿਹਨਤ ਕਰਨ ਲਗ ਪਿਆ ਹੈ। ਪੰਜਾਬ ਵਿੱਚ ਧਾਰਮਿਕ ਸਥਾਨਾਂ ਅਤੇ ਧਰਮ ਦੇ ਪ੍ਰਚਾਰਕਾਂ ਵਿੱਚ ਬੜੀ ਤੇਜ਼ੀ ਨਾਲ ਵਾਧਾ ਹੋਇਆ ਹੈ, ਪਰ ਉਨ੍ਹਾਂ ਨੇ ਪੰਜਾਬੀਆਂ ਦੇ ਗੁਣਾਂ ਨੂੰ ਪਰਿਪੱਕ ਕਰਨ ਅਤੇ ਇਸ ਵਿੱਚ ਹੋਰ ਵਾਧਾ ਕਰਨ ਦੇ ਯਤਨਾਂ ਦੀ ਥਾਂ ਉਨ੍ਹਾਂ ਨੂੰ ਕਰਮ ਕਾਂਡਾਂ ਵਿੱਚ ਉਲਝਾਇਆ ਹੈ। ਕਿਰਤ ਕਰਨ ਅਤੇ ਵੰਡ ਛਕਣ ਦਾ ਪਾਠ ਪੜ੍ਹਾਉਣ ਦੀ ਥਾਂ ਸੁੱਖਾਂ ਸੁੱਖਣ ਨਾਲ

ਪ੍ਰਾਪਤੀਆਂ ਦੇ ਰਾਹ ਪਾਇਆ ਹੈ।

ਜਦੋਂ ਕਿਸੇ ਮਨੁੱਖ ਵਿੱਚ ਸੰਵੇਦਨਸ਼ੀਲਤਾ ਦੀ ਘਾਟ ਆ ਜਾਵੇ ਤਾਂ ਉਹ ਕੇਵਲ ਆਪਣੇ ਬਾਰੇ ਹੀ ਸੋਚਦਾ ਹੈ, ਦੂਜੇ ਦੇ ਦਰਦ ਨੂੰ ਸਮਝਣਾ ਉਹ ਬੇਵਕੂਫ਼ੀ ਮੰਨਦਾ ਹੈ। ਇਸ ਨਾਲ ਹਰ ਪਾਸੇ ਆਪਾਧਾਪੀ ਵਿੱਚ ਵਾਧਾ ਹੁੰਦਾ ਹੈ। ਸਮਾਜਿਕ ਬੁਰਾਈਆਂ ਸਿਰ ਚੁੱਕਣ ਲਗਦੀਆਂ ਹਨ ਅਤੇ ਰਿਸ਼ਤਿਆਂ ਵਿੱਚ ਕਮਜ਼ੋਰੀ ਆਉਂਦੀ ਹੈ। ਹੁਣ ਨਿੱਤ ਆਪਣਿਆਂ ਹੱਥੋਂ ਆਪਣਿਆਂ ਦੇ ਕਤਲ ਦੀਆਂ ਵਾਰਦਾਤਾਂ ਸੁਣਨ ਨੂੰ ਮਿਲ ਰਹੀਆਂ ਹਨ। ਲੋਕਾਈ ਨੂੰ ਸਿੱਧੇ ਰਾਹ ਪਾਉਣ ਵਾਲਾ ਕੋਈ ਨਹੀਂ ਹੈ। ਸਾਡੇ ਆਗੂ ਕੇਵਲ ਆਪਣੇ ਬਾਰੇ ਹੀ ਸੋਚਦੇ ਹਨ। ਆਪਣੀ ਭਲਾਈ ਲਈ ਉਹ ਲੋਕਾਈ ਨੂੰ ਕੁਰਾਹੇ ਪਾ ਰਹੇ ਹਨ। ਇਸ ਵਿੱਚ ਕੇਵਲ ਰਾਜਨੀਤਿਕ ਆਗੂ ਹੀ ਨਹੀਂ, ਧਾਰਮਿਕ ਪ੍ਰਚਾਰਕ ਅਤੇ ਸਮਾਜ ਸੁਧਾਰਕ ਵੀ ਸ਼ਾਮਲ ਹਨ। ਜਿਹੜਾ ਨਰੋਆ ਪੰਜਾਬੀ ਸਮਾਜ ਅਤੇ ਮਾਹੌਲ ਢਾਈ ਸਦੀਆਂ ਦੇ ਪ੍ਰਚਾਰ ਅਤੇ ਬੇਅੰਤ ਕੁਰਬਾਨੀਆਂ ਦੇ ਕੇ ਸਿਰਜਿਆ ਸੀ ਉਸ ਨੂੰ ਸੰਭਾਲਣਾ ਬਹੁਤ ਜ਼ਰੂਰੀ ਹੈ। ਸਾਡੇ ਆਗੂਆਂ ਨੂੰ ਮਾਇਆ ਜਾਲ ਵਿੱਚੋਂ ਨਿਕਲ ਕੇ ਵਿਗੜ ਰਹੇ ਸਮਾਜ ਨੂੰ ਸੰਭਾਲਣ ਦੀ ਲੋੜ ਹੈ। ਇਹ ਸੁੱਖ ਸਹੂਲਤਾਂ ਅਤੇ ਮਾਇਆ ਮਨੁੱਖ ਦੇ ਨਾਲ ਨਹੀਂ ਜਾਣੀਆਂ। ਪਿੱਛੇ ਕੇਵਲ ਗੁਣਾਂ ਦੀ ਹੀ ਚਰਚਾ ਹੋਣੀ ਹੈ। ਰੰਗਲਾ ਪੰਜਾਬ ਬਣਾਉਣ ਲਈ ਗੁਰੂ ਨਾਨਕ ਸਾਹਿਬ ਦੇ ਉਪਦੇਸ਼ ਨੂੰ ਅਪਣਾਉਣ ਦੀ ਲੋੜ ਹੈ। ਹਮਦਰਦੀ ਅਤੇ ਸੰਵੇਦਨਸ਼ੀਲਤਾ ਨੂੰ ਆਪਣੇ ਜੀਵਨ ਦਾ ਅੰਗ ਬਣਾਉਣਾ ਜਰੂਰੀ ਹੈ। ਅਜਿਹਾ ਉਦੋਂ ਹੀ ਹੋ ਸਕਦਾ ਹੈ ਜੇਕਰ ਕਿਰਤ ਕੀਤੀ ਜਾਵੇ, ਲੋੜਵੰਦਾਂ ਦੀ ਸਹਾਇਤਾ ਕੀਤੀ ਜਾਵੇ ਅਤੇ ਕਾਦਰ ਨੂੰ ਹਮੇਸ਼ਾਂ ਆਪਣੇ ਅੰਗ ਸੰਗ ਸਮਝਿਆ ਜਾਵੇ।

ਦੂਜੇ ਦੇ ਦੁੱਖ ਦਰਦ ਨੂੰ ਸਮਝਣਾ ਹੀ ਇਨਸਾਨੀਅਤ ਹੈ। ਇਸੇ ਗੁਣ ਨਾਲ ਹੀ ਭਾਈਚਾਰਾ ਮਜ਼ਬੂਤ ਅਤੇ ਆਦਰਸ਼ਕ ਬਣਦਾ ਹੈ। ਜੇਕਰ ਵਿਕਸਤ ਦੇਸ਼ਾਂ ਵੱਲ ਝਾਤੀ ਮਾਰੀਏ, ਉੱਥੋਂ ਦੇ ਰਹਿਣ ਵਾਲੇ ਰੋਜ਼ਾਨਾਂ ਜੀਵਨ ਵਿੱਚ ਦੋ ਸ਼ਬਦਾਂ- ਸ਼ੋਰਰੇ ਅਤੇ ਠਹਉਨਕਸ ਦੀ ਸਭ ਤੋਂ ਵੱਧ ਵਰਤੋਂ ਕਰਦੇ ਹਨ। ਵੈਸੇ ਤਾਂ ਉਹ ਕਿਸੇ ਦਾ ਨੁਕਸਾਨ ਕਰਨ ਜਾਂ ਤਕਲੀਫ਼ ਪਹੁੰਚਾਉਣ ਤੋਂ ਗੁਰੇਜ਼ ਕਰਦੇ ਹਨ, ਪਰ ਜੇਕਰ ਗਲਤੀ ਨਾਲ ਅਜਿਹਾ ਹੋ ਜਾਵੇ ਤਾਂ ਝੱਟ ਮੁਆਫ਼ੀ ਮੰਗ ਲੈਂਦੇ ਹਨ। ਦੂਜੇ ਵਲੋਂ ਕੀਤੀ ਮਾਮੂਲੀ ਸਹਾਇਤਾ ਲਈ ਵੀ ਝੱਟ ਧੰਨਵਾਦ ਕਰਦੇ ਹਨ। ਹਮੇਸ਼ਾਂ ਮੁਸਕਰਾ ਕੇ ਗੱਲ ਕਰਦੇ ਹਨ। ਉਨ੍ਹਾਂ ਦੇ ਚਿਹਰੇ ਉੱਤੇ ਹਮੇਸ਼ਾਂ ਮੁਸਕਰਾਹਟ ਰਹਿੰਦੀ ਹੈ। ਕੁਦਰਤ ਨੇ ਮੁਸਕਰਾਹਟ ਅਤੇ ਭਾਸ਼ਾ ਦੇ ਗੁਣ ਕੇਵਲ ਇਨਸਾਨ ਨੂੰ ਹੀ ਬਖਸ਼ਿਸ਼ ਕੀਤੇ ਹਨ। ਇਨ੍ਹਾਂ ਤੋਹਫਿਆਂ ਦੀ ਭਰਪੂਰ ਵਰਤੋਂ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਲਈ ਕਰਨੀ ਚਾਹੀਦੀ ਹੈ। ਕੋਈ ਵੀ ਕਾਰਜ ਕਰਨ ਤੋਂ ਪਹਿਲਾਂ ਦੂਜਿਆਂ ਬਾਰੇ ਸੋਚਣਾ ਚਾਹੀਦਾ ਹੈ। ਜੇਕਰ ਕੋਈ ਮਿਲਾਵਟ ਕਰਦਾ ਹੈ ਤਾਂ ਉਸ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਜੇਕਰ ਉਸ ਨੂੰ ਇਹ ਵਸਤ ਖਾਣੀ ਪਵੇ ਤਾਂ ਕੀ ਉਹ ਖਾ ਲਵੇਗਾ? ਜਦੋਂ ਅਸੀਂ ਅਜਿਹਾ ਸੋਚਾਂਗੇ ਤਾਂ ਸਾਡੀ ਜ਼ਮੀਰ ਸਾਨੂੰ ਕਦੇ ਵੀ ਕੋਈ ਗਲਤ ਕਾਰਜ ਕਰਨ ਦੀ ਆਗਿਆ ਨਹੀਂ ਦੇਵੇਗੀ।

ਮਨੁੱਖ ਇੱਕ ਸਮਾਜਿਕ ਜੀਵ ਹੈ। ਸਮਾਜ ਵਿੱਚ ਇੱਕ ਦੂਜੇ ਦੇ ਦੁੱਖ ਸੁੱਖ ਵਿੱਚ ਸ਼ਰੀਕ ਹੋਣਾ ਹੀ ਆਪਸੀ ਸਬੰਧਾਂ ਨੂੰ ਮਜ਼ਬੂਤ ਕਰਨਾ ਹੈ। ਕਿਸੇ ਦੇ ਸੁਖ ਜਾਂ ਤਰੱਕੀ ਨਾਲ ਈਰਖਾ ਕਰਨ ਦੀ ਥਾਂ ਖੁਸ਼ ਹੋਵੋ ਅਤੇ ਸਾਰਿਆਂ ਦਾ ਭਲਾ ਮੰਗੋ। ਚੜ੍ਹਦੀ ਕਲਾ ਅਤੇ ਸਰਬੱਤ ਦਾ ਭਲਾ ਕੇਵਲ ਗੁਰਮਤਿ ਦੀ ਅਰਦਾਸ ਵਿੱਚ ਹੀ ਨਾ ਮੰਗਿਆ ਜਾਵੇ ਸਗੋਂ ਇਸ ਨੂੰ ਜੀਵਨ ਦਾ ਅੰਗ ਬਣਾਇਆ ਜਾਵੇ। ਦੂਜਿਆਂ ਨੂੰ ਸਮਝਣ ਲਈ ਸੁਣਨ ਦੀ ਆਦਤ ਪਾਈਏ। ਹੁਣ ਸੁਣਨ ਦੀ ਆਦਤ ਖਤਮ ਹੋ ਰਹੀ ਹੈ। ਕੁੱਝ ਸਾਲ ਪਹਿਲਾਂ ਤੱਕ ਬਚਪਨ ਵਿੱਚ ਹੀ ਸੁਣਨ ਦੀ ਆਦਤ ਪੈ ਜਾਂਦੀ ਸੀ ਜਦੋਂ ਰੋਜ਼ ਰਾਤ ਸੌਣ ਤੋਂ ਪਹਿਲਾਂ ਦਾਦੀ ਤੋਂ ਬਾਤਾਂ ਜਾਂ ਕਹਾਣੀਆਂ ਸੁਣਦੇ ਸਾਂ। ਹਮਦਰਦੀ ਕੇਵਲ ਵਿਖਾਵੇ ਲਈ ਨਹੀਂ ਹੋਣੀ ਚਾਹੀਦੀ। ਇਹ ਤੁਹਾਡੀਆਂ ਅੱਖਾਂ ਅਤੇ ਸਰੀਰ ਵਿੱਚੋਂ ਝਲਕਣੀ ਚਾਹੀਦੀ ਹੈ। ਇਸੇ ਤਰ੍ਹਾਂ ਮੁਆਫ਼ੀ ਜਾਂ ਧੰਨਵਾਦ ਦੀ ਝਲਕ ਵੀ ਚਿਹਰੇ ਅਤੇ ਸਰੀਰਕ ਹਾਵ ਭਾਵ ਵਿੱਚੋਂ ਦਿਸਣੀ ਚਾਹੀਦੀ ਹੈ। ਬੋਲਬਾਣੀ ਮਿੱਠੀ ਚਾਹੀਦੀ ਹੈ ਪਰ ਇਹ ਵਿਖਾਵੇ ਲਈ ਮਿੱਠੀ ਨਹੀ ਸਗੋਂ ਸਚਮੁੱਚ ਮਿੱਠੀ ਹੋਣੀ ਚਾਹੀਦੀ ਹੈ। ਮਿੱਠੀ ਬਾਣੀ ਰਿਸ਼ਤੇ ਜੋੜਦੀ ਹੈ ਜਦੋਂਕਿ ਕੌੜੀ ਬਾਣੀ ਰਿਸ਼ਤੇ ਤੋੜਦੀ ਹੈ। ਹਮੇਸ਼ਾਂ ਦੂਜਿਆਂ ਦੇ ਕੰਮ ਆਉਣਾ ਚਾਹੀਦਾ ਹੈ। ਕਿਸੇ ਸੰਗੀ ਸਾਥੀ ਨੂੰ ਮੁਸੀਬਤ ਵਿੱਚ ਫਸੇ ਨੂੰ ਵੇਖ ਕੇ ਖੁਸ਼ ਹੋਣ ਦੀ ਥਾਂ ਉਸ ਦੀ ਸਹਾਇਤਾ ਕਰੀਏ। ਨਿਮਰਤਾ ਅਤੇ ਸੰਤੋਖ ਮਨੁੱਖ ਦੇ ਗਹਿਣੇ ਹੁੰਦੇ ਹਨ। ਇਨ੍ਹਾਂ ਗੁਣਾਂ ਦਾ ਧਾਰਨੀ ਮਨੁੱਖ ਦੂਜਿਆਂ ਦੇ ਦੁੱਖ ਦਰਦ ਨੂੰ ਸਮਝ ਸਕਦਾ ਹੈ ਅਤੇ ਕਦੇ ਵੀ ਅਜਿਹਾ ਕਾਰਜ ਨਹੀਂ ਕਰਦਾ ਜਿਸ ਨਾਲ ਕਿਸੇ ਦੇ ਮਨ ਨੂੰ ਠੇਸ ਪਹੁੰਚੇ ਜਾਂ ਉਸ ਦਾ ਕੋਈ ਨੁਕਸਾਨ ਹੋਵੇ। ਗੁਰੂ ਨਾਨਕ ਸਾਹਿਬ ਦੇ ਉਪਦੇਸ਼ਾਂ ਵੱਲ ਮੁੜ ਮੋੜਾ ਪਾਉਣ ਦੀ ਲੋੜ ਹੈ ਤਾਂ ਜੋ ਆਪਣੇ ਪੰਜਾਬ ਨੂੰ ਫਿਰ ਤੋਂ ਅਸਲ ਅਰਥਾਂ ਵਿੱਚ ਪੰਜਾਬ ਬਣਾਇਆ ਜਾ ਸਕੇ।

❋ ❋ ❋ ❋ ❋

## ਸ਼ਰਧਾਂਜਲੀ



ਸ. ਅਮਰੀਕ ਸਿੰਘ ਸੇਵਾਮੁਕਤ ਐਕਸੀਅਨ, ਪੰਜਾਬ ਬਿਜਲੀ ਬੋਰਡ ਵਾਸੀ ਰਣਜੀਤ ਐਵੇਨਿਊ ,ਰੂਪਨਗਰ 2 ਅਗਸਤ, 2023 ਨੂੰ ਅਕਾਲ ਚਲਾਣਾ ਕਰ ਗਏ ਹਨ। ਆਪ ਰੂਪਨਗਰ ਜ਼ਿਲ੍ਹੇ ਵਿੱਚ ਪਿੰਡ ਤਾਲਾਪੁਰ ਦੇ ਸੈਣੀ ਪਰਿਵਾਰ ਨਾਲ ਸਬੰਧ ਰਖਦੇ ਸਨ ਅਤੇ ਸੈਣੀ ਭਵਨ ਰੂਪਨਗਰ ਦੀਆਂ ਸਮਾਜਿਕ ਸਰਗਰਮੀਆਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ। ਪ੍ਰਮਾਤਮਾ ਆਪ ਦੀ ਰੂਹ ਨੂੰ ਸ਼ਾਤੀ ਬਖਸ਼ੇ।

ਵਿਚਾਰ- ਚਰਚਾ

# ਪਾਣੀ ਪਿਤਾ

ਮਨਜੀਤ ਸਿੰਘ ਤੰਬੜ
ਪੰਜੌੜ



ਸੂਬੇਦਾਰ ਨੇ ਕੈਪਟਨ ਅਮਰਜੀਤ ਸਿੰਘ ਦੇ ਗੇਟ ਦੀ ਘੰਟੀ ਨੂੰ ਹਲਕੇ ਜੇਹੇ ਦਬਾਉਂਦਿਆਂ ਹਾਕ ਮਾਰੀ, "ਸਾਬ੍ਹ ਬਹਾਦਰ ਘਰੇ ਈ ਹੋ? ਕੂਲਰ ਨੂੰ ਬੰਦ ਕਰੋ। ਚਲੋ ਬਾਹਰ ਨਹਿਰ ਵੱਲ ਦਾ ਗੇੜਾ ਮਾਰ ਕੇ ਆਈਏ। ਅੰਦਰੀਂ ਤਾਂ ਹੁੰਮਸ ਨੇ ਅੱਤ ਕੀਤੀ ਪਈ ਏ"।

ਇੰਨੇ ਨੂੰ ਉਨ੍ਹਾਂ ਦਾ ਸਾਥੀ ਕਰਨੈਲ ਸਿੰਘ ਵੀ ਆ ਪਹੁੰਚਿਆ। "ਨਹਿਰ 'ਚ' ਕੇੜ੍ਹਾ ਪਾਣੀ ਆ। ਸੀਮਿੰਟ ਦੀ ਪੱਕੀ ਨਹਿਰ ਤਾਂ ਹੋਰ ਵੀ ਸੇਕ ਮਾਰੂ। ਚਲੋ, ਸਾਡੇ ਆਲੀ ਮੋਟਰ 'ਤੇ ਨਿੰਮ ਥੱਲੇ ਬੈਂਦੇ ਆਂ। ਸਾਂਝੀ ਨੇ ਮੋਟਰ ਚਲਾਈ ਹੋਣੀ ਆਂ। ਮੰਜੀ ਵੀ ਹੈਗੀ ਆ ਉੱਥੇ"। ਕਰਨੈਲ ਸਿੰਘ ਨੇ ਸਲਾਹ ਦਿੱਤੀ।

ਮੋਟਰ 'ਤੇ ਪਹੁੰਚਦਿਆਂ ਈ ਸੂਬੇਦਾਰ ਨੇ ਪਾਣੀ ਨਾਲ ਭਰੇ ਖੇਤਾਂ ਵੱਲ ਦੇਖਦਿਆਂ, ਧਰਤੀ ਹੇਠੋਂ ਨਿਕਲਦੇ ਪਾਣੀ ਦੀ ਗਲ ਛੇੜ ਲਈ। "ਦੱਸੋ, ਫੇਰ ਕਹਿੰਦੇ ਆ ਧਰਤੀ ਦਾ ਪਾਣੀ ਥੱਲੇ ਜਾਈ ਜਾਂਦਾ। ਪਾਣੀ ਮੁੱਕੂ ਨਾ ਤਾਂ ਹੋਰ ਕੀ ਹੋਊ। ਦੇਖੋ ਨਾ ਕਿੱਦਾਂ ਤਲਾ ਬਣਾਈ ਜਾਂਦੇ ਖੇਤਾਂ ਨੂੰ।"

"ਸੂਬੇਦਾਰ ਸਾਹਿਬ ਪਾਣੀ ਹੇਠਾਂ ਜਾਣ ਦਾ ਫਿਕਰ ਤਾਂ ਹੈ ਹੀ। ਮੈਂ ਤਾਂ ਕਹਿਨਾਂ, ਕਿਤੇ ਈਤੋਂ ਪਹਿਲਾਂ ਧਰਤੀ ਈ ਨਾ ਹੇਠਾਂ ਬੈਠ ਜਾਏ। ਹੇਠਾਂ ਜਿੱਥੋਂ ਐਨਾ ਪਾਣੀ ਨਿਕਲਦਾ ਹੋਊ। ਉਹ ਜਗ੍ਹਾ ਤਾਂ ਖਾਲੀ ਹੁੰਦੀ ਹੋਊ ਨਾ।" ਕੈਪਟਨ ਸਾਬ੍ਹ ਨੇ ਆਪਣੀ ਇਕ ਹੋਰ ਚਿੰਤਾ ਅੱਗੇ ਰੱਖ ਦਿੱਤੀ।

"ਜ਼ਿਮੀਂਦਾਰ ਵੀ ਵਿਚਾਰੇ ਕੀ ਕਰਨ? ਝੋਨਾ ਲਾਉਣ ਤੋਂ ਬਿਨ੍ਹਾਂ ਉਹਨਾ ਕੋਲ ਚਾਰਾ ਵੀ ਹੋਰ ਕੋਈ ਨਹੀਂ। ਕਿਸਾਨਾਂ ਕੋਲ ਦੋ ਹੀ ਤਾਂ ਮੁੱਖ ਫਸਲਾਂ ਹਨ। ਹਾੜੀ ਦੀ ਕਣਕ ਤੇ ਸਾਉਣੀ ਦਾ ਝੋਨਾ, ਜਿਨ੍ਹਾਂ ਲਈ ਸਰਕਾਰ ਨੇ ਐਮ.ਐਸ.ਪੀ ਲਾਗੂ ਕੀਤੀ ਹੋਈ ਆ। ਝਾੜ ਵੀ ਏਹ ਦੋਨੋ ਚੰਗਾ ਦੇ ਦਿੰਦੀਆਂ। ਨਾਲੇ ਵਿੱਕ ਵੀ ਪਿੰਡਾਂ ਦੀਆਂ ਮੰਡੀਆਂ 'ਚ ਈ ਜਾਂਦੀਆਂ। ਪਾਣੀ ਦਾ ਤਲ ਹੇਠਾਂ ਜਾਣ ਤੋ ਰੋਕਣ ਲਈ ਝੋਨੇ ਦਾ ਬਦਲ ਤਾਂ ਸਰਕਾਰਾਂ ਨੂੰ ਈ ਲੱਭਣਾ ਪਊ", ਕਰਨੈਲ ਸਿੰਘ ਪਿੰਡਾਂ ਵਿੱਚ ਜ਼ਿਆਦਾ ਰਿਹਾ ਕਰਕੇ ਜ਼ਿਮੀਂਦਾਰਾਂ ਦੀਆਂ ਮਜ਼ਬੂਰੀਆਂ ਸਮਝਦਾ ਸੀ।

"ਮੈਂ ਵੀ ਏਹੀਓ ਸੋਚਦਾਂ, ਸਰਕਾਰਾਂ ਸੁੱਤੀਆਂ ਪਈਆਂ? ਏਹ ਉਦੋਂ ਜਾਗਣਗੀਆਂ, ਜਦੋਂ ਅਫਰੀਕਾ ਅਰਗੀ ਹਾਲਤ ਹੋ ਗਈ। ਕਲ੍ਹ ਦੀ ਖਬਰ ਨੀ ਪੜ੍ਹੀ? ਦੱਖਣੀ ਅਫਰੀਕਾ ਦੀ ਰਾਜਧਾਨੀ ਕੇਪ ਟਾਊਨ 'ਚ ਓਥੋਂ ਦੀ ਸਰਕਾਰ ਨੇ ਲੋਕਾਂ ਨੂੰ ਪਾਣੀ ਦੀ ਸਪਲਾਈ ਦੇਣ ਵਲੋਂ ਹੱਥ ਖੜ੍ਹੇ ਕਰ ਦਿੱਤੇ ਹਨ। ਲੋਕਾਂ ਦੇ ਨਹਾਉਣ 'ਤੇ ਤਾਂ ਖਾਸ ਪਾਬੰਦੀ ਲਾ ਦਿੱਤੀ ਹੈ। ਪੈਟਰੋਲ ਵਾਂਗ ਪਾਣੀ ਪੰਪਾਂ ਤੋਂ ਮਿਲੇਗਾ। ਉਹ ਵੀ ਸਿਰਫ ਪੱਚੀ ਲੀਟਰ। ਫੌਜ ਤਾਇਨਾਤ ਕਰਨੀ ਪੈ ਰਹੀ ਆ ਸਰਕਾਰ ਨੂੰ, ਪਾਣੀ ਦੇ ਸਰਕਾਰੀ ਭੰਡਾਰਾਂ ਨੂੰ ਲੁਟਣ ਤੋਂ ਬਚਾਉਣ ਲਈ"। ਸੂਬੇਦਾਰ ਨੇ ਪਾਣੀ ਦੀ ਸਮੱਸਿਆ ਨੂੰ ਹੋਰ ਗੰਭੀਰ ਦੱਸਦਿਆਂ ਚਿੰਤਾ ਪ੍ਰਗਟ ਕੀਤੀ।

"ਲੈ ਦੱਸੋ, ਆਹ ਨਵੀਂ ਗੱਲ ਸੁਣ ਲਈ ਸੂਬੇਦਾਰ ਸਾਬ੍ਹ ਕੋਲੋਂ। ਜੇ ਪੰਜਾਬ 'ਚ ਇਵੇਂ ਈ ਚਲਦਾ ਰਿਹਾ ਤਾਂ ਏਥੇ ਕੇੜ੍ਹਾ ਐਦਾਂ ਹੋਣ 'ਚ ਕੋਈ ਸ਼ੱਕ ਰਹਿ ਜਾਊ। ਫਿਰ ਤਾਂ ਪੰਜ ਮਨਫ਼ੀ ਦੋ ਆਬਾਂ ਦੇ ਮਾਲਕ ਪੰਜਾਬੀ, ਪਾਣੀ ਦੇ ਦੁੱਖੋਂ ਪਿਆਸੇ, ਦੇਸ਼ ਛੱਡ ਜਾਣਗੇ", ਕੈਪਟਨ ਸਾਹਿਬ ਨੇ ਹੈਰਾਨੀ ਤੇ ਚਿੰਤਾ ਭਰੇ ਲਹਿਜੇ ਨਾਲ ਕਿਹਾ।

"ਬਸ ਏਹੀ ਤਾਂ ਭਾਰਤ ਸਰਕਾਰ ਚਾਹੁੰਦੀ ਆਂ। ਪਈ ਅਮੀਰ ਵਿਰਸੇ ਵਾਲੇ ਅਣਖੀ ਪੰਜਾਬੀ ਇਸ ਇਲਾਕੇ ਨੂੰ ਛੱਡ ਕੇ ਖਿਲਰ-ਪੁਲਰ ਜਾਣ", ਕਰਨੈ.ਲ ਸਿੰਘ ਨੇ ਠਰ੍ਹੰਮੇ ਨਾਲ ਕੇਂਦਰ ਦਾ ਇਰਾਦਾ ਨੰਗਾ ਕੀਤਾ।

"ਮਨਜੀਤ ਸਿੰਘ ਸਾਬ੍ਹ, ਤੁਸੀਂ ਠੀਕ ਕਹਿੰਦੇ ਹੋ। ਅਸੀਂ ਪੰਜਾਬੀ ਬੜੇ ਭੋਲੇ ਆਂ। ਇਨ੍ਹਾਂ ਦੀਆਂ ਚਾਲਾਂ ਨੂੰ ਨੀ ਸਮਝਦੇ। ਹੋਰ ਤਾਂ ਹੋਰ ਸਰਕਾਰਾਂ ਸਾਡੇ ਹਿੰਦੂ ਸਿੱਖਾਂ ਵਿੱਚ ਈ ਪਾੜ ਪਾ ਕੇ ਆਪਣਾ ਉੱਲੂ ਸਿੱਧਾ ਕਰੀ ਜਾਂਦੀ ਆ", ਕੈਪਟਨ ਨੇ ਸਿਆਣੀ ਗੱਲ ਕੀਤੀ।

"ਮੈਂ ਮੰਨਦਾ ਕਰਨੈਲ ਸਿੰਘ ਜੀ, ਸਰਕਾਰਾਂ ਦੀ ਪਾਣੀ ਪ੍ਰਤੀ ਸੰਜੀਦਗੀ ਨਹੀਂ ਹੈ। ਪਰ ਇਕ ਗਲ ਮੈਂ ਜਰੂਰ ਕਹਾਂਗਾ ਕਿ ਪੰਜਾਬ ਨੂੰ ਮਾਰੂਥਲ ਬਣਾਉਣ 'ਚ ਆਪਾਂ ਵੀ ਸਰਕਾਰ ਤੋਂ ਪਿੱਛੇ ਨਹੀਂ। ਕੀ ਸਾਡਾ ਕੋਈ ਫਰਜ ਨਹੀਂ ਕਿ ਇਸ ਗੰਭੀਰ ਮੁੱਦੇ 'ਤੇ ਬੈਠ ਕੇ ਕੋਈ ਵਿਚਾਰ ਵਟਾਂਦਰਾ ਕਰੀਏ", ਸੂਬੇਦਾਰ ਨੇ ਸਵਾਲ ਕੀਤਾ।

ਸੂਬੇਦਾਰ ਬਿਨਾ ਜਬਾਵ ਉਡੀਕਿਆਂ ਆਪਣੇ ਮਨ ਦਾ ਗੁਬਾਰ ਬਾਹਰ ਕੱਢਦਾ ਰਿਹਾ, "ਅਸੀ ਚਾਹੇ ਸਰਕਾਰਾਂ ਦੀ ਮਿਲੀਭੁਗਤ ਨਾਲ ਹੀ ਦਰਖਤਾਂ ਦੀ ਬੇਸ਼ੁਮਾਰ ਕਟਾਈ ਕੀਤੀ। ਦਰਖਤਾਂ ਦੀ ਕਟਾਈ ਕਾਰਣ ਮੀਂਹ ਪੈਣੇ ਘਟ ਗਏ। ਵਾਤਾਵਰਨ ਗਰਮ ਹੋ ਗਿਆ। ਇਨਸਾਨਾਂ ਸਮੇਤ ਹਰੇਕ ਜੀਵ ਨੂੰ ਪਾਣੀ ਦੀ ਪਹਿਲਾਂ ਨਾਲੋਂ ਵੱਧ ਜਰੂਰਤ ਮਹਿਸੂਸ ਹੋਣ ਲੱਗੀ। ਸਰਕਾਰ ਨੇ ਦੇਸ਼ ਦਾ ਅੰਨ ਭੰਡਾਰ ਭਰਨ ਲਈ ਪੰਜਾਬ ਦੇ ਮਿਹਨਤੀ ਕਿਸਾਨਾਂ ਨੂੰ ਝੋਨਾ ਲਗਾਉਣ ਲਈ ਉਤਸ਼ਾਹਿਤ ਕਰਨ ਲਈ ਸਿੰਚਾਈ ਵਾਲੀ ਬਿਜਲੀ ਦੇ ਬਿੱਲ ਮੁਆਫ ਕਰ ਦਿੱਤੇ। ਝੋਨੇ ਲਈ ਦੂਸਰੀਆਂ ਫਸਲਾਂ ਨਾਲੋਂ ਹੋਰ ਵੀ ਵੱਧ ਪਾਣੀ ਦੀ ਲੋੜ ਹੁੰਦੀ ਹੈ। ਜਿਮੀਦਾਰ ਧਰਤੀ ਹੇਠੋਂ ਬੇਹਿਸਾਬਾ ਪਾਣੀ ਬਾਹਰ ਕੱਢਣ ਲੱਗੇ ਤਾਂ ਕੁਦਰਤ ਦੇ ਬਣਾਏ ਗਣਿਤ ਵਿੱਚ ਫਰਕ ਤਾਂ ਪੈਣਾ ਹੀ ਸੀ। ਅੰਤ ਨਾਲ ਤਾਂ ਹਰ ਸ਼ੈਅ ਬੱਧੀ ਹੁੰਦੀ ਹੈ। ਕੁਦਰਤ ਦੀ ਮਿਥੀ ਹੱਦ ਤੋਂ ਬਾਹਰ ਜਾਵਾਂਗੇ ਤਾਂ ਨੁਕਸਾਨ ਤਾਂ ਹੋਵੇਗਾ ਹੀ। ਧਰਤੀ ਹੇਠਲਾ ਪਾਣੀ

ਤਾਂ ਘਟੇਗਾ ਹੀ"। ਸੂਬੇਦਾਰ ਬੰਦੇ ਦੀ ਬੇਰੁਖੀ ਪ੍ਰਤਿ ਜ਼ਿਆਦਾ ਹੀ ਚਿੰਤਤ ਸੀ।

"ਹੋਰ ਸੁਣੋ। ਹੁਣ ਅਸੀਂ ਆਪਣੇ ਨਿਤਾਪ੍ਰਤਿ ਕੰਮਾਂ ਵਿੱਚ ਵੀ ਪਾਣੀ ਦੀ ਬਹੁਤੀ ਵਰਤੋਂ ਕਰਨ ਲੱਗੇ ਹਾਂ। ਪਹਿਲਾਂ ਪਿੰਡਾਂ ਦੇ ਮਰਦ ਖੇਤਾਂ ਵਿੱਚ ਚਲ ਰਹੇ ਹਲਟਾਂ ਦੇ ਪਾਣੀ ਨਾਲ ਨਹਾ ਲੈਂਦੇ ਅਤੇ ਔਰਤਾਂ ਕਪੜੇ ਵੀ ਉੱਥੇ ਹੀ ਧੋ ਲੈਂਦੀਆਂ ਸਨ। ਇਸ ਨਾਲ ਪਾਣੀ ਦੀ ਬਚਤ ਹੋ ਜਾਂਦੀ ਸੀ"। ਸੂਬੇਦਾਰ ਨੇ ਬੀਤੇ ਸਮੇਂ ਦੀ ਤਾਰੀਫ ਕੀਤੀ।

" ਆ ਹੋ ਸਾਬ੍ਹ, ਉਦੋਂ ਤਾਂ ਪਿੰਡਾਂ ਵਿੱਚ ਲੈਟਰੀਨਾਂ ਵੀ ਨਹੀਂ ਸੀ ਹੁੰਦੀਆਂ। ਸਾਰੇ ਮਰਦ ਔਰਤਾਂ ਬਾਹਰ ਖੇਤਾਂ ਵਿੱਚ ਹੀ ਜੰਗਲ ਪਾਣੀ ਜਾਇਆ ਕਰਦੇ ਸਨ। ਹੁਣ ਘਰ ਵਿੱਚ ਫਲੱਸ਼ ਕਰਨ ਨਾਲ ਅਸੀਂ ਘੱਟ ਤੋਂ ਘੱਟ 10 ਲੀਟਰ ਪਾਣੀ ਇਕ ਵਾਰੀ ਬਰਬਾਦ ਕਰਦੇ ਹਾਂ। ਪੰਜਾਬ ਵਿੱਚ ਲਗਭਗ 3.17 ਕਰੋੜ ਦੇ ਲਗਭਗ ਅਬਾਦੀ ਹੈ। ਅੰਦਾਜ਼ਾ ਲਗਾਓ ਕਿ ਇਕ ਸਾਲ ਵਿੱਚ ਪੰਜਾਬ ਦੇ ਲੋਕ ਕਿੰਨੇ ਕਿਊਬਿਕ ਲੀਟਰ ਪਾਣੀ ਇਸਤੇਮਾਲ ਕਰ ਲੈਂਦੇ ਹੋਣਗੇ। ਪਹਿਲਾਂ ਕੇਵਲ ਵੀਹ ਪ੍ਰਤੀਸ਼ਤ ਸ਼ਹਿਰਾਂ ਵਾਲੇ ਲੋਕ ਹੀ ਲੈਟਰਨ ਸੀਟਾਂ ਦਾ ਇਸਤੇਮਾਲ ਕਰਿਆ ਕਰਦੇ ਸਨ। ਕੈਪਟਨ ਸਾਹਿਬ ਨੇ ਵੀ ਆਪਣੇ ਜੀਵਨ ਦੇ ਤਜਰਬੇ ਵਿੱਚ ਜੋ ਦੇਖਿਆ ਸੀ, ਦੁਹਰਾ ਦਿੱਤਾ।

ਗੰਭੀਰ ਚਰਚਾ ਨੂੰ ਅੱਗੇ ਵਧਾਉਂਦਿਆਂ ਕਰਨੈਲ ਸਿੰਘ ਨੇ ਕਿਹਾ, " ਕੈਪਟਨ ਸਾਬ੍ਹ! ਜ਼ਮਾਨਾ ਬਦਲ ਗਿਆ। ਜਿੰਨਾ ਪਾਣੀ ਅਸੀ ਹੁਣ ਟੁੱਥ ਬਰੁਸ਼ ਕਰਨ ਲਈ ਵਰਤੋਂ ਕਰਦੇ ਹਾਂ ਉਨੇ ਪਾਣੀ ਨਾਲ ਤਾ ਉਦੋਂ ਘਰ ਦੀਆਂ ਔਰਤਾਂ ਇਸ਼ਨਾਨ ਕਰ ਲੈਂਦੀਆਂ ਸਨ। ਆਹ ਦੇਖੋ! ਪਿੰਡਾਂ 'ਚ ਸਰਕਾਰ ਨੇ ਪਾਣੀ ਦੀਆਂ ਟੂਟੀਆਂ ਲਾਈਆਂ ਤਾਂ ਲੋਕਾਂ ਦੀ ਸਹੂਲਤ ਲਈ ਸਨ। ਪਿੰਡ 'ਚ' ਵੜ ਕੇ ਦੇਖੋ ਬਹੁਤਿਆਂ ਨੇ ਟੂਟੀਆਂ ਖੁਲ੍ਹੀਆਂ ਛੱਡੀਆਂ ਹੋਈਆਂ ਹੋਣਗੀਆਂ। ਪੀਣ ਵਾਲਾ ਪਾਣੀ ਬਰਬਾਦ ਹੁੰਦਾ ਹੈ ਤਾਂ ਹੋਈ ਜਾਵੇ"।

ਸਮਾਂ ਕਾਫ਼ੀ ਹੋ ਗਿਆ ਸੀ। ਸੂਬੇਦਾਰ ਨੇ ਸਾਰੀ ਗੱਲਬਾਤ ਦਾ ਨਿਚੋੜ ਕੱਢ ਦਿੱਤਾ, "ਵਾਕਿਆ ਈ ਧਰਤੀ ਹੇਠਲੇ ਪਾਣੀ ਦਾ ਡਿਗਦਾ ਪੱਧਰ ਬੜਾ ਗੰਭੀਰ ਮਸਲਾ ਹੈ। ਸਾਨੂੰ ਸਾਰਿਆਂ ਨੂੰ ਸਰਕਾਰਾਂ ਨਾਲ ਰਲ ਕੇ ਢੁਕਵੇਂ ਉਪਰਾਲੇ ਕਰਨ ਦੀ ਲੋੜ ਹੈ। ਪਾਣੀ ਤਾਂ ਇਨਸਾਨ ਨੂੰ ਕੁਦਰਤ ਵਲੋਂ ਬਖਸ਼ੀ ਹੋਈ ਇਕ ਵਡਮੁੱਲੀ ਦਾਤ ਹੈ।

ਇਸ ਤੋਂ ਬਿਨਾਂ ਸਰੀਰ ਦੀ ਹੋਂਦ ਦੀ ਕਲਪਣਾ ਵੀ ਨਹੀਂ ਕੀਤੀ ਜਾ ਸਕਦੀ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਪਵਿਤ੍ਰ ਬਾਣੀ ਵਿੱਚ ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਹੈ -'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ'। ਦੁਨੀਆਂ ਵਿੱਚ ਹਰ ਸਾਲ ਪਿਤਾ ਦਿਵਸ (Father's day) ਮਨਾਇਆ ਜਾਂਦਾ ਹੈ। ਜੇ ਅਸੀਂ ਸਾਰੇ 'ਪਿਤਾ ਦਿਵਸ' ਦੁਨਿਆਵੀ ਪਿਤਾ ਨੂੰ ਯਾਦ ਕਰਨ ਲਈ ਮਨਾਉਦੇ ਹਾਂ ਤਾਂ ਪਾਣੀ ਪਿਤਾ ਦੀ ਸੰਭਾਲ ਕਰੀਏ। ਇਸ ਦਿਨ ਪ੍ਰਣ ਕਰੀਏ ਕਿ ਇਸ ਸਾਲ ਪਾਣੀ ਬਚਾਉਣ ਲਈ ਇਸ ਦਾ ਘੱਟ ਤੋਂ ਘੱਟ ਇਸਤੇਮਾਲ ਕਰਾਂਗੇ । ਇਸ ਨਾਲ ਦੁਨਿਆਵੀ ਪਿਤਾ ਆਪਣੇ ਆਪ ਯਾਦ ਆ ਜਾਵੇਗਾ। ਨਹੀਂ ਤਾਂ ਜੇ ਪਿਤਾ ਦੇ ਅਖੀਰੀ ਸਮੇ ਉਸ ਦੇ ਮੂੰਹ ਵਿਚ ਪਾਣੀ ਪਾਉਣ ਲਈ ਪਾਣੀ ਹੀ ਨਾ ਬਚਿਆ ਤਾਂ ਇਹ ਸਾਰੇ ਜਿੰਦਗੀ ਭਰ ਦੇ ਮਨਾਏ ਹੋਏ 'ਪਿਤਾ ਦਿਵਸ' ਬੇਕਾਰ ਹੋ ਜਾਣਗੇ। ਜੇ ਸਰਕਾਰਾਂ ਵੀ ਸਾਲ 'ਚ' ਇਕ ਦਿਨ ਪਾਣੀ ਦੀ ਪੂਰਨ ਤੌਰ ਤੇ ਪਾਬੰਧੀ (Dry day) ਲਗਾ ਦੇਣ ਤਾਂ ਸਾਰਿਆਂ ਨੂੰ ਪਾਣੀ ਦੀ ਕੀਮਤ ਆਪਣੇ ਆਪ ਸਮਝ ਆ ਜਾਵੇਗੀ"।

ਸੂਬੇਦਾਰ ਉਠਦੇ ਨੇ ਕਿਹਾ, "ਬਸ ਕਰਦੇ ਹਾਂ ਕੁੱਝ ਗੱਲ਼ਾਂ ਕੱਲ੍ਹ ਲਈ ਵੀ ਰੱਖ ਲ਼ਈਏ"। ਤੱਪਦਾ ਸੂਰਜ ਵੀ ਪਹਿਲਾਂ ਨਾਲੋਂ ਕਾਫੀ ਸ਼ਾਂਤ ਹੋ ਗਿਆ ਸੀ। ਸੂਰਜ ਵੱਲ ਦੇਖਦੇ ਤਿੰਨੋ ਪਿੰਡ ਵੱਲ ਨੂੰ ਚਲ ਪਏ।

❋ ❋ ❋ ❋ ❋

## ਸੈਣੀ ਗਾਇਕ
## ਸਤਿੰਦਰ ਸਰਤਾਜ ਦਾ ਸਨਮਾਨ

ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਬਜਰਾਵਰ ਵਿਖੇ 31 ਅਗਸਤ, 1982 ਨੂੰ ਸਾਧਾਰਨ ਪਰਿਵਾਰ ਵਿੱਚ ਜਨਮੇ ਸਤਿੰਦਰ ਪਾਲ ਸਿੰਘ ਸੈਣੀ ਦਾ ਸਕਾਟਲੈਂਡ ਦੇ ਗਲਾਸਗੋ ਹਲਕੇ ਤੋਂ ਪਹਿਲੀ ਸਿੱਖ ਸੰਸਦ ਮੈਂਬਰ ਪੈਮ ਗੋਸਲ ਨੇ ਸਨਮਾਨ ਪੱਤਰ ਪ੍ਰਦਾਨ ਕੀਤਾ ਹੈ। ਸਰਤਾਜ ਇੰਗਲੈਂਡ ਵਿੱਚ ਸ਼ੋਅ ਕਰਨ ਲਈ ਟੂਰ 'ਤੇ ਹਨ। ਇਸ ਸਮੇਂ ਆਪ ਨੇ ਕਿਹਾ ਕਿ ਸਰਤਾਜ ਨੇ ਸਾਡੇ ਪੰਜਾਬੀ ਸੱਭਿਆਚਾਰ ਨੂੰ ਪੂਰੀ ਦੁਨੀਆਂ ਵਿੱਚ ਪਹੁੰਚਾਇਆ ਹੈ। ਇਸ ਗਾਇਕ, ਲੇਖਕ, ਸੰਗੀਤਕਾਰ ਅਤੇ ਅਭਿਨੇਤਾ ਦਾ ਪਹਿਲਾਂ ਵੀ ਕੈਨੇਡਾ, ਅਮਰੀਕਾ, ਇੰਗਲੈਂਡ, ਨਿਊਜ਼ੀਲੈਂਡ ਅਤੇ ਅਸਟ੍ਰੇਲੀਆ ਦੀਆਂ ਸੰਸਦਾਂ ਵਲੋਂ ਸਾਫ਼ਸੁਥਰੀ ਗਾਇਕੀ ਲਈ ਸਨਮਾਨ ਕੀਤਾ ਹੋਇਆ ਹੈ। ਉਹ ਇੱਕ ਸੂਫ਼ੀ ਗਾਇਕ ਵਜੋਂ ਸੰਸਾਰ ਭਰ ਵਿੱਚ ਪ੍ਰਸਿੱਧ ਹੈ। ਉਸ ਨੇ 'ਦ ਬਲੈਕ ਪਿੰਸ' ਫਿਲਮ ਵਿੱਚ ਆਖਰੀ ਸਿੱਖ ਮਹਾਰਾਜਾ ਦਲੀਪ ਸਿੰਘ ਦੀ ਭੂਮਕਾ ਨਿਭਾ ਕੇ ਨਾਮਣਾ ਖੱਟਿਆ ਹੈ।



❋ ❋ ❋ ❋ ❋

.......ਸਫ਼ਾ 5 ਦੀ ਬਾਕੀ

ਟੀਚਰ ਕਿਰਨ ਜੋਸ਼ੀ ਦੀ ਅਗਵਾਈ ਅਧੀਨ ਪੂਰੀ ਮਿਹਨਤ ਨਾਲ ਤਿਆਰ ਕੀਤੀਆਂ ਗਈਆਂ ਸਨ। ਪ੍ਰੋਗਰਾਮ ਦੇ ਅੰਤ ਵਿੱਚ ਸਭ ਨੇ ਸੁਆਦੀ ਰਿਫਰੈਸ਼ਮੈਂਟ ਦਾ ਆਨੰਦ ਮਾਣਿਆਂ।



## ਗਜ਼ਲ

**ਬਲਬੀਰ ਸਿੰਘ ਨੰਗਲ**

ਇੱਕ ਅਜਬ ਨਜ਼ਾਰਾ ਛਾ ਜਾਂਦੈ,
ਜਦ ਜਦ ਵੀ ਤੈਨੂੰ ਤੱਕਦਾ ਹਾਂ।
ਹਰ ਜ਼ਰਾ ਹੀ ਰੁਸ਼ਨਾ ਜਾਂਦੈ,
ਜਦ ਜਦ ਵੀ ਤੈਨੂੰ ਤੱਕਦਾ ਹਾਂ।

ਤੂੰ ਮੰਨੇ ਭਾਵੇਂ ਨਾ ਮੰਨੇ ਪਰ ਇਹ ਇੱਕ ਠੋਸ ਹਕੀਕਤ ਹੈ,

ਮੈਨੂੰ ਪਿਆਰ ਬੜਾ ਹੀ ਆ ਜਾਂਦੈ, ਜਦ ਜਦ ਵੀ ਤੈਨੂੰ ਤੱਕਦਾ ਹਾਂ।

ਮੈਂ ਮਤੇ ਪਕਾਉਂਦਾ ਰਹਿੰਦਾ ਹਾਂ, ਤੂੰ ਮਿਲੇਂ ਤਾਂ ਅਹਿ ਅਹਿ ਆਖਾਂਗਾ।

ਪਰ ਸਭ ਕੁਝ ਭੁੱਲ ਭੁਲਾ ਜਾਂਦੈ, ਜਦ ਜਦ ਵੀ ਤੈਨੂੰ ਤੱਕਦਾ ਹਾਂ।

ਮੇਰਾ ਦਿਲ ਜਿੰਨਾ ਨਿਰਛਲ ਹੈ, ਓਨਾ ਛਲ ਤੇਰੀ ਅਦਾ ਵਿਚ ਹੈ।

ਮੇਰਾ ਦਿਲ ਧੋਖਾ ਖਾ ਜਾਂਦੈ, ਜਦ ਜਦ ਵੀ ਤੈਨੂੰ ਤੱਕਦਾ ਹਾਂ।

ਤੇਰੇ ਬੋਲਾਂ ਵਿਚ ਉਹ ਮਿੱਠਤ ਏ, ਤੇਰੇ ਹਾਸੇ ਵਿਚ ਉਹ ਜਾਦੂ ਏ।

ਮੇਰਾ ਰੋਮ ਰੋਮ ਨਸ਼ਿਆ ਜਾਂਦੈ, ਜਦ ਜਦ ਵੀ ਤੈਨੂੰ ਤੱਕਦਾ ਹਾਂ।

ਤੂੰ ਮੇਰਾ ਏਂ, ਮੈਂ ਤੇਰਾ ਹਾਂ, ਮੈਂ ਤੇਰਾ, ਮੇਰਾ ਤੂੰ 'ਸੈਣੀ'।

ਕੰਨ ਅੰਦਰ ਕੌਣ ਸੁਣਾ ਜਾਂਦੈ, ਜਦ ਜਦ ਵੀ ਤੈਨੂੰ ਤੱਕਦਾ ਹਾਂ।



## ਗਜ਼ਲ

**ਮਨਜੀਤ ਕੌਰ ਅੰਬਾਲਵੀ**

ਦਿਲਾਂ ਵਿੱਚ ਨਫ਼ਰਤਾਂ ਜੇਕਰ, ਅਮਨ ਦੀ ਬਾਤ ਕੀ ਕਰੀਏ?

ਸੁਲਘਦੇ ਮੌਸਮਾਂ ਅੰਦਰ, ਚਮਨ ਦੀ ਬਾਤ ਕੀ ਕਰੀਏ?

ਠੱਲ੍ਹੋ ਪਾਗ਼ਲ ਹਵਾਵਾਂ ਨੂੰ, ਕਹਿਰ ਜੋ ਕਰਦੀਆਂ ਜਾਵਣ।

ਫ਼ਿਜ਼ਾ ਵਿੱਚ ਲਾਉਂਦੀਆਂ ਜਾਵਣ ਅਨੋਖੀ ਘਾਤ, ਕੀ ਕਰੀਏ?

ਵਸਲ ਹੋਵੇ ਦੋ ਰੂਹਾਂ ਦਾ, ਦਿਲਾਂ ਵਿੱਚ ਆਸਥਾ ਹੁੰਦੀ।

ਹੈ ਐਪਰ ਪਿਆਰ 'ਤੇ ਭਾਰੂ, ਜਾਤ-ਕੁਜਾਤ ਕੀ ਕਰੀਏ?

ਰੰਗਾ ਲੈਂਦੇ ਬਸੰਤੀ ਤੇ, ਕਦੇ ਤਲਵਾਰ ਲਿਸ਼ਕਾਉਂਦੇ।

ਨੇਤਾ ਦੀ ਪਰਖਣੀ ਔਖੀ, ਬੜੀ ਔਕਾਤ ਕੀ ਕਰੀਏ?

ਦੱਸੋ ਕਿਸ ਨੂੰ ਸੁਣਾਈਏ ਇਹ ਦਿਲਾਂ ਦੀ ਦਾਸਤਾਂ ਆਪਣੀ।

ਬੜੇ ਚਿਰ ਤੋਂ ਸੰਭਾਲੇ ਨੇ, ਅਸਾਂ ਜਜ਼ਬਾਤ ਕੀ ਕਰੀਏ?

ਬੜੀ ਹੀ ਮਚ ਰਹੀ ਸੀ ਖਲਬਲੀ, ਸਨ ਆਲ੍ਹਣੇ ਖਾਲੀ।

ਪਰਿੰਦੇ ਤਿਲ-ਮਲਾਏ ਸਨ, ਸੀ ਰੋਈ ਰਾਤ ਕੀ ਕਰੀਏ?

ਬੜੇ ਕੀਤੇ ਯਤਨ 'ਮਨਜੀਤ' ਨੇ ਤਾਂ ਅੱਗ ਬੁਝਾਉਣ ਦੇ।

ਰੁਕੀ ਨਾ ਫੇਰ ਵੀ, ਜ਼ੁਲਮਾਂ ਦੀ ਇਹ ਬਰਸਾਤ ਕੀ ਕਰੀਏ?



ਹਿੰਦੀ ਕਵਿਤਾ

## ਮੈਂ ਮਨੀਪੁਰ ਹਾਂ

ਸੁਰਜੀਤ ਜੱਜ,
ਅਨੁਵਾਦਕ ਡਾ. ਜਸਵੰਤ ਕੌਰ ਸੈਣੀ

ਐ ਅਹਿਲੇ-ਵਤਨ, ਐ ਅਹਿਲੇ-ਇਮਾਂ!
ਐ ਅਹਿਲੇ-ਚਸ਼ਮ, ਐ ਅਹਿਲੇ ਸੁਖਨ!
ਮੈਨੂੰ ਸੁਣ, ਦੇਖ ਮੈਨੂੰ
ਮੈਨੂੰ ਪਛਾਣ, ਜਾਣ ਮੈਨੂੰ।
ਸੰਤਾਲੀ ਤੇ ਚੌਰਾਸੀ ਦੇ
ਪੰਜਾਬ ਨੂੰ ਓੜ੍ਹੇ ਹੋਏ
ਮੈਂ ਮਨੀਪੁਰ ਹਾਂ।
ਜਲੀ ਜਮਹੂਰੀਅਤ ਦੇ
ਧੋਖੇ ਨੂੰ, ਦੰਭ ਨੂੰ
ਆਪਣੇ ਹਿੱਸੇ 'ਚ ਜੋੜੇ ਹੋਏ
ਮੈਂ ਮਨੀਪੁਰ ਹਾਂ।
ਦੇਸ਼ ਦੀ ਅਖੰਡਤਾ, ਰਾਸ਼ਟਰ ਦੀ ਅਭੰਗਤਾ ਦੇ
ਬਨਾਵਟੀ ਵਸਤਰਾਂ ਦੇ ਬੋਝ ਨਾਲ
ਆਪਣੇ ਨਰਮੋ-ਨਾਜ਼ੁਕ ਜਿਸਮ ਦਾ
ਅੰਗ ਅੰਗ ਤੋੜੇ ਹੋਏ
ਮੈਂ ਮਨੀਪੁਰ ਹਾਂ।
ਸ਼ਿਵ-ਜਟਾਵਾਂ 'ਚੋਂ ਨੁਚੜਦੀ ਗੰਗਾ ਦੀ ਤਰ੍ਹਾਂ
ਆਪਣੇ ਲਹੂ ਦੀ ਬੂੰਦ ਬੂੰਦ ਨਿਚੋੜੇ ਹੋਏ
ਮੈਂ ਮਨੀਪੁਰ ਹਾਂ।
ਜਲਦੇ ਘਰਾਂ 'ਚ ਦਫ਼ਨ ਹੁੰਦੇ
ਵਿਸ਼ਵ-ਗੁਰੂ ਬਣਨ ਦੇ ਸੁਫਨਿਆਂ ਨੂੰ
ਆਪਣੇ ਬੱਚਿਆਂ ਦੇ ਨਾਲ
ਰਾਖ ਹੁੰਦੇ ਪਿੱਛੇ ਛੋੜੇ ਹੋਏ
ਮੈਂ ਮਨੀਪੁਰ ਹਾਂ।
ਕੌਰਵ ਸਭਾ 'ਚ ਨਿਰਵਸਤਰ ਹੋਣ ਤੋਂ ਬਚੀ
ਪੰਚਾਲੀ ਦੀ ਕਥਾ ਦਾ ਅਗਲਾ ਅਧਿਆਏ ਹਾਂ
ਮਾਸੂਮ ਪਲਾਂ ਨੂੰ ਬਿਨ ਖ਼ਤਾ ਮਿਲੀ
ਸਦੀਆਂ ਦੀ ਸਜ਼ਾ ਹਾਂ।
ਆਪਣੀ ਦੋਹਰੀ ਹੋਈ ਪਿੱਠ 'ਤੇ
ਪਰੰਪਰਾਵਾਂ ਦਾ ਬੋਝ ਉਠਾਏ
ਮੈਂ ਮਨੀਪੁਰ ਹਾਂ।



Visit to

Dr. Manavpreet Kaur
Dallas (USA)

# Yellowstone National Park: Nature's Masterpiece

Situated in the North-Western States- Wyoming, Montano and Idaho of USA it lies on the top of dormanto volcano. It spreds over an area of 3468 sq.miles. Nestled in the heart of the Rocky Mountains, Yellowstone National Park (USA) stands as a testament to the awe-inspiring beauty and geological marvels that the Earth has to offer. With its breathtaking landscapes, diverse ecosystems, and iconic geothermal features, Yellowstone has captured the hearts and imaginations of millions of visitors from around the world. After survey by dozens of adventures for centuries, it was recognized as a tourist place by government of USA on March1, 1872

At the Fiery heart of Yellowstone lies an astounding geological wonderland that is unmatched anywhere else on the planet. The park is located atop a massive supervolcano, which has shaped the landscape over millions of years, leaving behind an array of captivating features. Geysers, hot springs, fumaroles, and mud pots create a unique and ethereal environment, where the ground seems to come alive with the power of the Earth's inner forces.

Yellowstone's most **famous geyser, Old Faithful**, stands as a symbol of the park's dynamic geothermal activity. Erupting regularly, Old Faithful shoots scalding water high into the air, captivating onlookers with its impressive display. But it's not alone; the park is home to over 10,000 other geothermal features, each with its own distinct personality and allure.

Beyond the geothermal wonders, Yellowstone boasts an astonishing **diversity of wildlife.** The park serves as a refuge for many iconic North American species, including Bison, Elk, Gray wolves, and Grizzly bears. These animals roam freely across the vast landscapes, offering visitors a chance to witness their natural behaviors in a truly wild setting.



Yellowstone was instrumental in the restoration of the gray wolf population to the northern Rocky Mountains. The reintroduction of wolves in the 1990s marked a significant ecological milestone, as their presence helped balance predator-prey dynamics and influenced vegetation patterns throughout the park.

Yellowstone's beauty extends beyond the geothermal features and wildlife. **The Grand Canyon** of the Yellowstone, carved over centuries by the **Yellowstone River**, showcases stunning layered rock formations and the thundering Lower and Upper Falls. The contrast of the vibrant colors against the rugged terrain creates a visual masterpiece that captivates all who behold it. **Yellowstone Lake** is one of the largest high elevation lakes of North America.

Recognizing the unique and fragile ecosystems within its borders, Yellowstone National Park was established as the **world's first national park** in 1872. This landmark decision set the stage for the global conservation movement, inspiring the creation of protected areas worldwide. Today, Yellowstone remains a testament to the importance of preserving and respecting nature's beauty for future generations.

Yellowstone's popularity as a destination

continue to page no. 23......



# Religious and Mankind

ਜਸਵੰਤ ਸਿੰਘ ਸੈਣੀ
ਰੋਪੜ

Since times immemorial the world had been a vast arena of conflicts and power struggles. In fact the world got originated out of the wars, conflicts and confusion. In the olden days the attacks and conflicts took place for satiating their belly hunger and their ego hunger. Bodily

stronger wild animals, birds, insects etc. used to kill weaker ones to fill their bellies with flesh and blood. Survival of the fittest was the way of living beings on earth. Such frame of mind got pursued by human beings as well. They used to overcome and dominate weaker sections on fulfilling their basic needs and also on property and women pretexts.. It was all because of being principle less society. There was jungle raj altogether. Undisciplined atmosphere prevailed and unsystematic scenario ruled the roost. In order to create smooth atmosphere for living together peacefully some pressure or force was required to be had. That commonly acceptable force could be religion only. So the evolution of religions took place from time to time as religions could only lay down acceptable guidelines to all.

Also new religions took birth in between when something went wrong with the prevailing system and moral, logical, peaceful and contented life seemed missing in society. Inception of religions also took place when the rulers exceeded their limits and indulged in excesses and injustice to the people. Some negative points of the religions in practice also caused new religions to take birth. Practically people adopted that religion where he was born.

Predominantly religions guided the people to lead a pious life. All religions taught humanity, morality, nobility and ethical life. Also a follower of any faith or religion develops fear of God in his mind of minds which checks him going immoral. The inward ideological style of living of a principled religious person makes his outlook righteous.

On the contrary an irreligious person's mindset is to live for selfish and materialistic ends only and always says 'The world is for me'. But a religious person says 'Man lives best when he lives for humanity'. An irreligious person is of the view that 'an eye for an eye, 'a tooth for a tooth'. But on the other hand a true religious person is of the view that 'Obey the divine law of sacrifice and renunciation and also pardon those who have put him on the cross'. Man is not only a biological product alone he has innate spiritual greatness as well. A man may belong to any church, temple or creed but general principles of all are almost the same that is to love everyone and live for humanity. Difference of doctrines, books and rituals are secondary. A man has to follow one religion or the other for truthful and peaceful living.

Religion unifies the constituents into a cultural system. Religion makes the people civilized. The teachings of a religion can only make a man civilized and society can only exist well if it is well civilized. A religious man knows that there is limit of everything and nothing is beyond God's dictates. An irreligious person, on the other hand generally leads a life of bewilderment and fear of death. But religious person accepts calmly the eternal truth of death. Leading life doing labour, serving needy selflessly, wishing wellbeing of entire mankind and keeping ones mind virtuous and pure with repeated Almighty God's remembrance. These are valuable traits which can be instilled by religions only. As regards the variation in characteristics of different religions this is all secondary and can be termed as outer shells because the main thing

on which all the religions are one holding the common ethical view is that one should follow truth and lead a moralistic life. The supreme reality of truth is common in the followers of Hinduism, Islamism, Sikhism, Christianity, Budhism or Jainism. Agreed that the followers of different religions differ on various points and even the followers of any one particular religion differ in the perception of God and also on performing rituals. But despite of various differences all religions profess nobility.

While talking about religions we will have to mention that there is a big number of atheists in world as well who also lead quite normal and contented life. They do not bother whether God exists or not. The communist countries like Russia say that religions simply befool the people and nothing else. They say that religion is just like taking opium and rather create obstacles in the development and progress of mankind because of materialism being their only motive. But assessing life on the whole religious persons are far better than non religious fraternity. Non religious countries can be seen adopting the path of Cruelties.

In almost all the religions there are some followers who are dogmatic and fanatic in nature. Some of them are after proving their religion as the best one. But the reality is that only that religion is better whose followers actually practical and ideal per norms of their religion. Thrusting their religion upon others ultimately harms their own religion. Only noble deeds of the followers of a particular religion impress and attract others to adopt that religion.

In present days although we see growth of liberalism, toleration in the religious behavior and sentiments among nations. It is good development but prove useful only if we follow our own faith sincerely and truly.

❋ ❋ ❋ ❋ ❋

.......continue from page 21

comes with the responsibility to protect its delicate ecosystems. Visitors are encouraged to follow 'Leave No Trace' principles, respecting wildlife and refraining from approaching or feeding them. The delicate balance of nature in Yellowstone relies on visitors' commitment to sustainable practices.

Whether you're a nature enthusiast, a wildlife lover, or simply someone seeking awe-inspiring beauty, Yellowstone National Park offers an unforgettable experience. Its geothermal features, diverse ecosystems, and rich history make it a place of wonder and discovery. As you explore the park's trails, gaze upon its geysers, and listen to the calls of its wildlife, you become a part of a legacy that celebrates the splendor of the natural world. Yellowstone truly is a masterpiece of nature, inviting all who visit to appreciate the Earth's intricate beauty and marvel at its enduring

❋ ❋ ❋ ❋ ❋

## ਵਧਾਈ



ਪੰਜਾਬ ਦੇ ਸ਼ਹਿਰ ਸੰਗਰੂਰ ਦੀ ਜੰਮਪਲ ਅਤੇ ਹੁਣ ਹਰਿਆਣਾ ਦੇ ਸ਼ਹਿਰ ਹਿਸਾਰ ਦੀ ਵਸਨੀਕ ਸ਼੍ਰੀਮਤੀ ਗੁਰਪ੍ਰੀਤ ਕੌਰ ਸੈਣੀ ਦਾ ਗ਼ਜ਼ਲ-ਸੰਗ੍ਰਿਹ 'ਅੱਖਰ ਅੱਖਰ ਲੋਅ' 30 ਅਗਸਤ, 2023 ਨੂੰ ਜ਼ਿਲ੍ਹਾ ਭਾਸ਼ਾ ਅਫ਼ਸਰ ਐਸ.ਏ.ਐਸ.ਨਗਰ ਦੇ ਦਫ਼ਤਰ ਵਿੱਚ ਲੋਕ ਅਰਪਣ ਕੀਤਾ ਗਿਆ ਹੈ। ਇਸ ਸਮਾਗਮ ਦੀ ਪ੍ਰਧਾਨਗੀ ਉੱਘੇ ਗ਼ਜ਼ਲਗੋ ਸਿਰੀ ਰਾਮ ਅਰਸ਼ ਨੇ ਕੀਤੀ। ਇਸ ਸਮੇਂ ਪੁਸਤਕ ਬਾਰੇ ਪਰਚਾ ਪੜ੍ਹਦਿਆਂ ਨਾਮਵਰ ਗ਼ਜ਼ਲਕਾਰ ਸ. ਬਲਬੀਰ ਸਿੰਘ ਸੈਣੀ ਨੰਗਲ ਨੇ ਕਿਹਾ ਕਿ ਇਹ ਗ਼ਜ਼ਲ-ਸੰਗ੍ਰਹਿ ਨਿਰਾਰਥਕਤਾ ਤੋਂ ਸਾਰਥਕਤਾ ਦਾ ਆਲਮ ਸਿਰਜਦਾ ਹੈ। ਗੁਰਪ੍ਰੀਤ ਕੌਰ ਸੈਣੀ ਨੇ ਪਹਿਲਾਂ ਵੀ ਕਈ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। ਪੰਜਾਬੀ ਦੇ ਨਾਲ ਨਾਲ ਉਹ ਹੋਰ ਕਈ ਵਿਸ਼ਿਆਂ ਦੇ ਮਾਹਰ ਹਨ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਵਲੋਂ ਗੁਰਪ੍ਰੀਤ ਕੌਰ ਸੈਣੀ ਨੂੰ ਬਹੁਤ ਬਹੁਤ ਵਧਾਈ ਹੋਵੇ।

# ਬੱਤੀ ਸੁਲੱਖਣੀ ਮਾਂ, ਰੁੱਖਾਂ ਦੀ ਠੰਢੀ ਛਾਂ

ਇੰਜ. ਜਸਵੰਤ ਸਿੰਘ
ਜਲੰਧਰ



ਅਧਿਆਤਮਕ ਮਾਰਗ 'ਤੇ ਚੱਲਣ ਲਈ ਜਿਨ੍ਹਾਂ ਗੁਣਾਂ ਦੀ ਲੋੜ ਹੈ ਉਹ ਔਰਤ ਵਿੱਚ ਵਧੇਰੇ ਪਾਏ ਜਾਂਦੇ ਹਨ ਅਤੇ ਇਸੇ ਲਈ ਔਰਤ ਨੂੰ ਬਾਣੀ ਵਿੱਚ 'ਸੁਲੱਖਣੀ' ਕਹਿ ਕੇ ਸਤਿਕਾਰਿਆ ਗਿਆ ਹੈ। ਸਿੱਖ ਧਰਮ ਵਿੱਚ ਔਰਤ ਕਿਸੇ ਪੱਖੋਂ ਨੀਵੀਂ ਨਹੀਂ ਅਤੇ ਸਮਾਜਿਕ ਜੀਵਨ ਵਿੱਚ ਬਰਾਬਰੀ ਦੀ ਭਾਈਵਾਲ ਹੈ। ਮਾਂ ਰੱਬ ਦਾ ਰੂਪ ਹੈ ਅਤੇ ਇਸ ਤੋਂ ਹੀ ਸਾਰੀ ਮਨੁੱਖਤਾ ਨੂੰ ਜਨਮ ਮਿਲਦਾ ਹੈ। ਜਿਵੇਂ ਹਰਿਆ-ਭਰਿਆ ਰੁੱਖ ਸੂਰਜ ਦੀਆਂ ਕਿਰਨਾਂ ਦੀ ਤਪਸ਼ ਆਪਣੇ ਵਿੱਚ ਸਮੇਟ ਕੇ ਸਾਨੂੰ ਠੰਢੀ ਛਾਂ ਪ੍ਰਦਾਨ ਕਰਦਾ ਹੈ, ਇਵੇਂ ਹੀ ਮਾਂ ਸਾਡੇ ਦੁੱਖ ਆਪ ਝੱਲ ਕੇ ਸਾਨੂੰ ਛਾਂ ਰੂਪੀ ਸੁੱਖ ਪ੍ਰਦਾਨ ਕਰਦੀ ਹੈ। ਇਹ ਉਹ ਸੱਚ ਹੈ ਜੋ ਸਾਰੇ ਸਮਾਜ ਦੀ ਸਾਂਝੀ ਆਵਾਜ਼ ਬਣ ਕੇ ਇੱਕ ਸੁੰਦਰ ਕਹਾਵਤ, "ਮਾਵਾਂ ਠੰਢੀਆਂ ਛਾਵਾਂ" ਦੇ ਰੂਪ ਵਿੱਚ ਅੱਜ ਵੀ ਸਾਰੀ ਮਾਨਵਤਾ ਨੂੰ ਮਾਂਬਾਪ ਪ੍ਰਤਿ ਸਾਡੇ ਫ਼ਰਜਾਂ ਬਾਰੇ ਸਾਨੂੰ ਜਾਗਰੂਪ ਕਰਦੀ ਹੈ। ਮਾਂ ਦਾ ਜੀਵਨ ਇੱਕ ਧੀ ਦੇ ਰੂਪ ਵਿੱਚ ਆਰੰਭ ਹੁੰਦਾ ਹੈ ਜਿਸ ਦੀ ਹੋਂਦ ਭਰੂਣ-ਹੱਤਿਆ ਦਾ ਸ਼ਿਕਾਰ ਹੋ ਕੇ ਸਮਾਜਿਕ ਅਸੰਤੁਲਨਤਾ ਦੀ ਗੰਭੀਰ ਸਮੱਸਿਆ ਬਣਦੀ ਜਾ ਰਹੀ ਹੈ ਜੋ ਇੱਕ ਚਿੰਤਾ ਦਾ ਵਿਸ਼ਾ ਹੈ। ਅੱਜ ਅਣਗਿਣਤ ਮਾਵਾਂ ਦੀ ਕੁੱਖ ਵਿੱਚ ਧੀਆਂ ਪੁਕਾਰ ਰਹੀਆਂ ਹਨ-

ਕੁੱਖ ਵਿੱਚ ਨਾ ਮਾਰ ਤੂੰ ਬਾਬਲਾ-ਕਰ ਨਾ ਅੱਤਿਆਚਾਰ ਬਾਬਲਾ।
ਮਾਂ ਦੇ ਸਿਰ ਦੀ ਚੁੰਨੀ ਹਾਂ ਮੈਂ-ਤੇਰੀ ਵੀ ਦਸਤਾਰ ਬਾਬਲਾ।
ਮੈਂ ਬਣ ਸਕਦੀ ਕੁਲ ਦਾ ਚਾਨਣ-ਕਿਉਂ ਸਮਝੇਂ ਤੂੰ ਭਾਰ ਬਾਬਲਾ।
ਮੈਂ ਤਾਂ ਤੈਥੋਂ ਕੁੱਝ ਨੀ ਮੰਗਦੀ-ਮੈਂ ਮੰਗਦੀ ਤੇਰਾ ਪਿਆਰ ਬਾਬਲਾ।

ਜਿਵੇਂ ਵਾਤਾਵਰਣ ਦੀ ਸੰਤੁਲਨਤਾ ਨੂੰ ਬਣਾਈ ਰੱਖਣ ਲਈ ਰੁੱਖਾਂ ਦਾ ਇੱਕ ਅਹਿਮ ਰੋਲ ਹੈ, ਇਸੇ ਤਰ੍ਹਾਂ ਸਮਾਜਿਕ ਸੰਤੁਲਨਤਾ ਬਣਾਈ ਰੱਖਣ ਲਈ ਕੁੱਲ ਜਨਸੰਖਿਆ ਦਾ 50% ਲੜਕੀਆਂ ਦਾ ਹੋਣਾ ਜ਼ਰੂਰੀ ਹੈ। ਅੱਜ ਮਨੁੱਖ ਇੱਕ ਪਾਸੇ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਅੰਨ੍ਹੇਵਾਹ ਰੁੱਖ ਕੱਟੀ ਜਾ ਰਿਹਾ ਹੈ ਤੇ ਦੂਜੇ ਪਾਸੇ ਭਰੂਣ-ਹੱਤਿਆ ਦੇ ਅਪਰਾਧ ਵਿੱਚ ਇਸ ਦੀ ਪੂਰੀ ਸ਼ਮੂਲੀਅਤ ਹੈ। ਫ਼ਲਸਰੂਪ ਵਾਤਾਵਰਣ ਦੀ ਅਸੰਤੁਲਨਤਾ ਦੇ ਨਾਲ ਸਮਾਜਿਕ ਸੰਤੁਲਨਤਾ ਵੀ ਦਿਨ-ਬ-ਦਿਨ ਛਿੰਨਭਿੰਨ ਹੁੰਦੀ ਜਾ ਰਹੀ ਹੈ ਜਿਸ ਦੇ ਕਾਰਨ ਮਨੁੱਖੀ ਜੀਵਨ ਅਨੇਕਾਂ ਮੁਸ਼ਕਲਾਂ ਦੇ ਜਾਲ ਵਿੱਚ ਫਸਦਾ ਜਾ ਰਿਹਾ ਹੈ। ਭਰੂਣ-ਹੱਤਿਆ ਦੇ ਕਈ ਕਾਰਨ ਹੋ ਸਕਦੇ ਹਨ, ਪਰ ਸਮਾਜਿਕ ਬੁਰਾਈਆਂ, ਜਿਵੇਂ ਕਿ ਦਾਜ ਦਹੇਜ ਦੀ ਮੰਗ ਅਤੇ ਧੀਆਂ ਉੱਤੇ ਤੇਜ਼ੀ ਨਾਲ ਵਧ ਰਹੇ ਅੱਤਿਆਚਾਰ ਨੇ ਮਾਂਬਾਪ ਦਾ ਦਿਲ ਹਿਲਾ ਕੇ ਰੱਖ ਛੱਡਿਆ ਹੈ। ਚਕਿਤਸਾ ਦੇ ਖੇਤਰ ਵਿੱਚ PNDT (Prenatal Determination Test) ਦੀ ਸਹਾਇਤਾ ਨਾਲ ਮਾਂ ਬਣਨ ਵਾਲੀ ਮਰੀਜ਼ ਔਰਤ ਦਾ ਸਹੀ ਅਤੇ ਲੋੜੀਂਦਾ ਇਲਾਜ ਕਰਨਾ ਇੱਕ ਸਹੀ ਉਪਰਾਲਾ ਹੈ ਪਰ ਇਸ ਟੈਸਟ ਦੀ ਵਰਤੋਂ ਕਰ ਕੇ ਗਰਭ ਵਿੱਚ ਹੀ ਬੱਚੇ ਦੇ ਲਿੰਗ ਦਾ ਪਤਾ ਕਰਨਾ ਅਤੇ ਲੜਕੀ ਹੋਣ ਦੀ ਸੂਰਤ ਵਿੱਚ ਬੱਚੇ ਨੂੰ ਗਰਭ ਵਿੱਚ ਹੀ ਖ਼ਤਮ ਕਰ ਦੇਣਾ ਇੱਕ ਘੋਰ ਅਪਰਾਧ ਹੈ। ਜਿਸ ਧੀ ਨੇ ਮਾਂ ਬਣਨਾ ਹੈ, ਉਸ ਨੂੰ ਮਾਂ ਦੀ ਕੁੱਖ ਵਿੱਚ ਮਾਰਨੇ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜੇ ਜਨਮ ਮਿਲਦਾ ਵੀ ਹੈ ਤਾਂ ਮਾਪਿਆਂ ਦੇ ਘਰ ਇਸ ਨੂੰ ਬੇਗਾਨੀ ਅਮਾਨਤ ਕਹਿ ਕੇ ਪਾਲਿਆ ਜਾਂਦਾ ਹੈ ਅਤੇ ਇੱਕ ਦਿਨ ਇਹ ਘਰ ਵੀ ਛੱਡਣਾ ਪੈਂਦਾ ਹੈ। ਸਹੁਰੇ ਘਰ ਜਾ ਕੇ ਇਸ ਨੂੰ ਨਵਾਂ ਜੀਵਨ ਸ਼ੁਰੂ ਕਰਨਾ ਪੈਂਦਾ ਹੈ ਅਤੇ ਨਿਮਰਤਾ ਦਾ ਚੋਲਾ ਪਾ ਕੇ ਸਹੁਰੇ ਘਰ ਸਾਰਿਆਂ ਦੀ ਸੇਵਾ ਕਰਦੀ ਹੈ। ਪਰ ਕੁੱਝ ਘਟਨਾਵਾਂ ਐਸੀਆਂ ਵੀ ਵੇਖਣ ਨੂੰ ਮਿਲਦੀਆਂ ਹਨ ਕਿ ਦਾਜ-ਦਹੇਜ ਲੈਣ ਦੇ ਲੋਭੀ ਘਰਾਣੇ ਕਿਸੇ ਨਾ ਕਿਸੇ ਬਹਾਨੇ ਲੜਕੀ 'ਤੇ ਝੂਠੇ ਇਲਜ਼ਾਮ ਲਗਾ ਕੇ ਤਲਾਕ ਦੇ ਦਿੰਦੇ ਹਨ ਜਾਂ ਫਿਰ ਲੜਕੀ ਨੂੰ ਜਲਾ ਕੇ ਜਾਂ ਕੁੱਟ ਮਾਰ ਕੇ ਮੌਤ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ। ਇਸ ਪ੍ਰਕਾਰ ਦੀਆਂ ਘਟਨਾਵਾਂ ਨੇ ਸਮਾਜ ਅੱਗੇ ਧੀ ਦੀ ਕੋਮਲ ਅਤੇ ਸਹਿਕਦੀ ਆਵਾਜ਼ ਵਿੱਚ ਇੱਕ ਦਰਦਨਾਕ ਸਵਾਲ ਖੜ੍ਹਾ ਕਰ ਦਿੱਤਾ ਹੈ ਜਿਸ ਦਾ ਜਵਾਬ ਭਰੂਣ-ਹੱਤਿਆ ਦੇ ਅਪਰਾਧੀਆਂ ਨੂੰ ਅੱਜ ਨਹੀਂ ਤਾਂ ਕੱਲ੍ਹ ਦੇਣਾ ਹੀ ਪਵੇਗਾ।

ਮਾਪਿਆਂ ਦੇ ਘਰ ਧੀ ਬੇਗਾਨੀ, ਘਰ ਸੌਹਰੇ ਪੈਰ ਟਿਕਾਵੇ।
ਜੇ ਸਹੁਰੇ ਘਰ ਤਸੀਹੇ ਝੱਲਣੇ, ਦੱਸੋ ! ਧੀ ਕਿੱਥੇ ਫਿਰ ਜਾਵੇ।

ਔਰਤ ਦੇ ਸਮਾਜਿਕ ਜੀਵਨ ਵਿੱਚ ਬੇਸ਼ੱਕ ਕਾਫ਼ੀ ਬਦਲਾਓ ਆਇਆ ਹੈ ਫਿਰ ਵੀ ਸਮਾਜ ਵਿੱਚ ਔਰਤ ਨੂੰ ਯੋਗ ਸਥਾਨ ਦੇਣ ਲਈ ਜਰੂਰਤ ਹੈ ਕਿ ਔਰਤ ਦੀ ਯੋਗਤਾ ਨੂੰ ਹੋਰ ਅਸਰਦਾਰ ਬਣਾਇਆ ਜਾਵੇ। ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਧੀਆਂ ਨੂੰ ਪੁੱਤਾਂ ਵਾਂਗ ਉੱਚੀ ਵਿੱਦਿਆ ਦੇ ਕੇ ਆਪਣੇ ਪੈਰਾਂ 'ਤੇ ਖੜ੍ਹਾ ਕਰਨਾ ਅਤੇ ਸਮਾਜਿਕ ਸੋਚ ਨੂੰ ਬਦਲਣਾ ਜ਼ਰੂਰੀ ਹੈ। ਜੇ ਭਰੂਣ-ਹੱਤਿਆ ਦੇ ਅਪਰਾਧ ਨੂੰ ਠੱਲ੍ਹ ਪਾਉਣ ਲਈ ਸਖ਼ਤ ਅਤੇ ਸਾਰਥਿਕ ਕਦਮ ਨਾ ਚੁੱਕੇ ਗਏ ਤਾਂ ਨਾਂ ਹੀ ਬੱਤੀ ਸੁਲੱਖਣੀ ਮਾਂ ਰਹੇਗੀ ਤੇ ਨਾਂ ਹੀ ਠੰਢੀ ਛਾਂ ਮਿਲੇਗੀ।

ਬੱਤੀ ਸੁਲੱਖਣੀ ਮਾਂ, ਮਾਂ ਹੀ ਸੱਚਾ ਪਿਆਰ।
ਸੁੰਨਾ ਸੁੰਨਾ ਜਾਪਦਾ, ਮਾਂ ਦੇ ਬਿਨਾਂ ਸੰਸਾਰ।

❖ ❖ ❖ ❖ ❖

## ਵਧਾਈਆਂ



**ਸ਼੍ਰੀ ਸਵਾਸਤਿਕ ਸੈਣੀ** ਪੁੱਤਰ ਮਾਸਟਰ ਕੁਲਵੰਤ ਸਿੰਘ ਸ਼ਾਸਤਰੀ ਨਿਵਾਸੀ ਪਿੰਡ ਹਮੀਰਪੁਰ, ਜ਼ਿਲ੍ਹਾ ਕੁਰੂਕਸ਼ੇਤਰ ਵਲੋਂ ਚੰਦਰਯਾਨ-3 ਮਿਸ਼ਨ ਵਿੱਚ ਸਾਹਮਣੇ ਵਾਲਾ ਕੈਮਰਾ ਲਗਾ ਕੇ ਬਤੌਰ ਵਿਗਿਆਨੀ ਵਡਮੁੱਲੀ ਦੇਣ ਦਿੱਤੀ ਹੈ। ਸੈਣੀ ਭਵਨ ਵਲੋਂ ਇਸ ਹੋਣਹਾਰ ਸੈਣੀ ਵਿਗਿਆਨੀ ਨੂੰ ਲੱਖ-ਲੱਖ ਵਧਾਈ।



# ਕਹਾਣੀ - ਚੋਰ

**ਡਾ. ਜਸਵੰਤ ਕੌਰ**
ਸੈਣੀ ਭਵਨ, ਰੂਪਨਗਰ

ਪੰਜਾਬ ਵਿੱਚ ਅਤਿਵਾਦ ਜ਼ੋਰਾਂ 'ਤੇ ਸੀ। ਝੋਨੇ ਦੀ ਲੁਆਈ ਦਾ ਕੰਮ ਤਕਰੀਬਨ ਖ਼ਤਮ ਹੋ ਗਿਆ ਸੀ। ਭਈਆਂ ਦੇ ਇੱਕ ਗਰੁੱਪ ਨੂੰ ਇਸ ਪਿੰਡ ਵਿੱਚ ਆਇਆਂ ਦੋ ਮਹੀਨੇ ਤੋਂ ਵੱਧ ਸਮਾਂ ਹੋ ਗਿਆ ਸੀ ਪਰ ਐਤਕੀਂ ਉਨ੍ਹਾਂ ਦਾ ਸੀਜ਼ਨ ਮੰਦਾ ਹੀ ਰਿਹਾ। ਕਿਸੇ ਕਿਰਸਾਨ ਨੇ ਦੋ ਕਿੱਲੇ, ਕਿਸੇ ਨੇ ਤਿੰਨ ਕਿੱਲੇ ਜਾਂ ਵੱਧ ਤੋਂ ਵੱਧ ਚਾਰ ਬੱਸ। ਜਿਉਂ ਜਿਉਂ ਬਾਰਸ਼ਾਂ ਲੇਟ ਹੋ ਰਹੀਆਂ ਸਨ ਕਿਰਸਾਣ ਡਰਦੇ ਸਨ ਕਿ ਬਹੁਤਾ ਝੋਨਾ ਪਾਲਾਂਗੇ ਕਿਸ ਤਰ੍ਹਾਂ? ਕਿਉਂਕਿ ਬਿਜਲੀ ਵੀ ਘੱਟਵੱਧ ਹੀ ਮਿਲਦੀ ਸੀ, ਮਹਿੰਗੇ ਡੀਜ਼ਲ ਨਾਲ ਝੋਨਾ ਪਾਲਣਾ ਮਹਿੰਗਾ ਪਵੇਗਾ। ਕਿਰਸਾਨਾਂ ਦੇ ਲੱਕ ਤਾਂ ਹਾੜ੍ਹੀ ਦੀ ਬਰਬਾਦੀ ਨੇ ਤੋੜੇ ਪਏ ਸਨ, ਅੱਗੋਂ ਸਾਉਣੀ ਦੀ ਕੋਈ ਆਸ ਨਹੀਂ ਸੀ ਦਿਸ ਰਹੀ।

ਇਸ ਲਈ ਜਿੱਥੇ ਪਿਛਲੇ ਸਾਲਾਂ ਵਿੱਚ ਝੋਨਾ ਲੁਆਉਣ ਲਈ ਭਈਆਂ ਦੀਆਂ ਮਿੰਨਤਾਂ ਕਰਨੀਆਂ ਪੈਂਦੀਆਂ ਸਨ, ਇਸ ਵਾਰ ਭਈਆਂ ਨੂੰ ਆਪ ਘਰ ਘਰ ਜਾ ਕੇ ਪੁੱਛਣਾ ਪੈ ਰਿਹਾ ਸੀ, 'ਸਿਰਦਾਰ ਜੀ! ਆਪ ਨੇ ਧਾਨ ਲਗਾਨਾ ਹੈ?' ਸਰਦਾਰ ਅੱਗੋਂ ਉੱਖੜੀ ਕੁਹਾੜੀ ਵਾਂਗ ਪੈਂਦਾ, 'ਸਾਲੇ ਧਾਨਾਂ ਦੇ! ਆ ਗਏ ਆ ਵਲੈਤ ਸਮਝ ਕੇ।

ਓ ਤੁਹਾਨੂੰ ਦੀਹੰਦਾ ਨੀ, ਖੇਤਾਂ 'ਚ ਧੂੜ ਉਡਦੀ ਆ, ਤੁਸੀਂ ਧਾਨ ਲਾਉਂਦੇ ਫਿਰਦੇ ਹੋ'। ਭਾਵੇਂ ਭਈਏ ਜਾਣਦੇ ਸਨ ਕਿ ਕਿਰਸਾਨਾਂ ਦਾ ਅੰਦਰਲਾ ਦਰਦ ਹੀ ਉਨ੍ਹਾਂ ਉੱਤੇ ਝਿੜਕਾਂ ਦੀ ਬੁਛਾੜ ਬਣ ਕੇ ਵਰ੍ਹ ਰਿਹਾ ਹੈ ਪਰ ਉਹ ਵੀ ਮਜਬੂਰ ਸਨ। ਜੇ ਆਰਥਿਕ ਮਜਬੂਰੀ ਨਾ ਹੁੰਦੀ ਤਾਂ ਉਨ੍ਹਾਂ ਨੇ ਕਾਹਦੇ ਲਈ ਪੰਜਾਬ ਦੀ ਵਰ੍ਹਦੀ ਅੱਗ ਵਿੱਚ ਆਉਣਾ ਸੀ? ਉਹ ਇੱਥੇ ਰੋਟੀ ਕਮਾਉਣ ਆਏ ਹੋਏ ਸਨ ਭਾਵੇਂ ਉਨ੍ਹਾਂ ਦੇ ਘਰਾਂ ਤੋਂ ਤਰਾਸ ਭਰੀਆਂ ਚਿੱਠੀਆਂ ਆ ਰਹੀਆਂ ਸਨ ਕਿ ਪੰਜਾਬ ਵਿੱਚ ਰੋਟੀ ਕਮਾਉਂਦਿਆਂ ਮਰਨ ਨਾਲੋਂ ਉਹ ਆਪਣੇ ਦੇਸ ਵਿੱਚ ਭੁੱਖੇ ਮਰਨ ਲਈ ਤਿਆਰ ਹਨ।

ਸਾਉਣ ਦਾ ਮਹੀਨਾ ਵੀ ਅੱਧਿਓਂ ਵੱਧ ਸੁੱਕਾ ਲੰਘ ਗਿਆ ਤਾਂ ਭਈਆਂ ਨੇ ਵੀ ਆਸ ਲਾਹ ਦਿੱਤੀ ਕਿ ਉਨ੍ਹਾਂ ਨੂੰ ਹੋਰ ਕੰਮ ਮਿਲ ਸਕੇਗਾ। ਜਿੰਨਾਂ ਜਿੰਨਾਂ ਕੰਮ ਉਨ੍ਹਾਂ ਕੀਤਾ ਸੀ, ਹਿਸਾਬ-ਕਿਤਾਬ ਕਰਨ ਲਈ ਕਿਸਾਨਾਂ ਦੇ ਮਗਰ ਚੱਕਰ ਕੱਢਣ ਲੱਗੇ। ਆਰਥਿਕ ਤੰਗੀ ਦੇ ਸ਼ਿਕਾਰ ਕਿਸਾਨਾਂ ਕੋਲੋਂ ਮਸਾਂ ਹੀ ਪੈਸੇ ਪੂਰੇ ਕਰਵਾ ਕੇ ਰਾਤ ਨੂੰ ਉਨ੍ਹਾਂ ਨੇ ਵਿਉਂਤ ਬਣਾਈ ਕਿ ਸਵੇਰੇ ਸ਼ਹਿਰ ਜਾ ਕੇ ਆਪਣੇ ਬੱਚਿਆਂ ਲਈ ਲੋੜੀਂਦੀਆਂ ਚੀਜ਼ਾਂ ਖਰੀਦੀਆਂ ਜਾਣ। ਉਹ ਆਪਣੇ ਦੇਸ ਜਾਣ ਦੀ ਤਿਆਰੀ ਕਰਨ ਲੱਗੇ।

ਸਵੇਰੇ ਉੱਠ ਕੇ ਉਨ੍ਹਾਂ ਨੇ ਸ਼ਹਿਰ ਜਾਣ ਦੀ ਤਿਆਰੀ ਵਿੱਚ ਜੁਟ ਕੇ ਸਾਬਣ ਮਲ ਮਲ ਤਾਂਬੇ ਰੰਗੇ ਸਰੀਰਾਂ ਨੂੰ ਸਾਫ਼-ਸੁਥਰੇ ਕੀਤਾ ਤੇ ਵਾਲਾਂ ਨੂੰ ਤੇਲ ਚੋਪੜਿਆ। ਕੁੱਝ ਖਾ ਪੀ ਕੇ ਪਿੰਡ ਦੇ ਅੱਡੇ 'ਚ ਬਹਿ ਗਏ। ਲੱਗੇ ਬੱਸ ਦੀ ਉਡੀਕ ਕਰਨ। ਇੱਕ ਦੋ ਬੱਸਾਂ ਦੇ ਕੰਡਕਟਰਾਂ ਨੇ ਉਨ੍ਹਾਂ ਨੂੰ ਦੇਖ ਕੇ ਕਾਹਲੀ ਨਾਲ ਇਹ ਕਹਿ ਕੇ ਬੱਸਾਂ ਤੋਰ ਲਈਆਂ "ਹਮਾਰੇ ਪਾਸ ਸੀਟ ਨਹੀਂ ਭਈ, ਅਗਲੀ ਬੱਸ ਆ ਜਾਣਾ"। ਅਗਲੀ ਬੱਸ ਆਈ ਤਾਂ ਕਾਫ਼ੀ ਅੱਗੇ ਜਾ ਕੇ ਰੁਕੀ, ਉਨ੍ਹਾਂ ਬਿਨਾਂ ਕੰਡਕਟਰ ਨੂੰ ਪੁੱਛਿਆਂ ਬੱਸ ਦੀ ਛੱਤ 'ਤੇ ਚੜ੍ਹਨਾ ਸ਼ੁਰੂ ਕਰ ਦਿੱਤਾ। ਡਰਾਇਵਰ ਨੇ ਕੰਡਕਟਰ ਨੂੰ ਕਿਹਾ, "ਦੇਖ ਓਏ ਮੋਹਣ! ਪਿੱਛੇ ਬਾਂਦਰ ਚੜ੍ਹ ਗਏ। ਉਤਾਰ ਉਨ੍ਹਾਂ ਨੂੰ ਠਾਂਹ। ਇਨ੍ਹਾਂ ਸਾਲਿਆਂ ਨੂੰ ਪੰਜਾਬ 'ਚ ਆ ਕੇ ਵੀ ਅਕਲ ਨੀਂ ਆਈ ਕਿ ਬੱਸ ਕਿਵੇਂ ਚੜ੍ਹੀਦਾ.."। ਕੰਡਕਟਰ ਬੱਸ 'ਚੋਂ ਉਤਰ ਕੇ ਬੋਲਿਆ, "ਓ ਭਈਆ! ਨੀਚੇ ਆਓ। ਦੇਖਨੇ ਕੋ ਤੋ ਤੁਮ ਆਦਮੀ ਲਗਤੇ ਹੋ, ਕਾਮ ਬਾਂਦਰੋਂ ਜੈਸੇ ਕਰਤੇ ਹੋ"।

ਉਹ ਸਾਰੇ ਇੱਕ ਇੱਕ ਕਰ ਕੇ ਬੱਸ ਤੋਂ ਹੇਠਾਂ ਉੱਤਰ ਆਏ ਅਤੇ ਚੁੱਪਚਾਪ ਬੱਸ ਦੇ ਅੰਦਰ ਖੜ੍ਹ ਗਏ। ਸ਼ਹਿਰ ਜਾ ਕੇ ਉਨ੍ਹਾਂ ਦੁਕਾਨਦਾਰਾਂ ਪਾਸੋਂ ਚੰਗੀ ਛਿੱਲ ਲੁਹਾਈ ਕਿਉਂਕਿ ਲਿਸ਼ਕੇ-ਚੋਪੜੇ ਭਈਆਂ ਡੀ ਡਾਰ ਜਿਸ ਦੁਕਾਨ 'ਤੇ ਵੀ ਜਾਂਦੀ, ਦੁਕਾਨਦਾਰ ਪਹਿਲਾ ਹੀ ਸਵਾਲ ਕਰਦੇ, "ਭਈਆ! ਆਪਣੇ ਦੇਸ ਜਾ ਰਹੇ ਹੋ?" ਹਾਂ ਵਿੱਚ ਜਵਾਬ ਸੁਣ ਕੇ ਦੁਕਾਨਦਾਰ ਪੰਜਾਹ ਰੁਪਏ ਦੀ ਚੀਜ਼ ਸੱਠ ਰੁਪਏ ਵਿੱਚ ਦੇ ਕੇ ਕਹਿੰਦੇ, "ਦੇਖੋ ਭਈਆ1 ਆਪ ਤੋ ਹਮਾਰੇ ਪੰਜਾਬ ਮੇਂ ਮਹਿਮਾਨ ਆਏ ਹੂਏ ਹੈਂ। ਦੇਖੋਂ ਆਪ ਨਾ ਆਏਂ ਤੋਂ ਹਮਾਰੀ ਕਿਰਸਾਨੀ ਫੇਲ੍ਹ ਹੋ ਜਾਏ। ਪੈਸੇ ਕਮਾਨੇ ਕੇ ਲੀਏ ਤੋਂ ਔਰ ਬੜੇ ਗਾਹਕ ਹੈਂ, ਆਪ ਕੋ ਤੋ ਹਮ ਲਗੇ ਦਾਮ ਚੀਜ਼ੇਂ ਦੇਂਗੇ। ਆਪ ਭੀ ਕਿਆ ਯਾਦ ਕਰੇਂਗੇ?" ਕਹਿੰਦਿਆਂ ਦੁਕਾਨਦਾਰ ਖਚਰੀ ਹਾਸੀ ਹੱਸਦਿਆਂ ਨੋਟ ਗਿਣ ਕੇ ਗੱਲੇ ਵਿੱਚ ਸੁੱਟਦਿਆਂ ਆਖਦੇ, "ਅੱਛਾ ਭਈਆ! ਕੁੱਛ ਚਾਏ-ਵਾਏ ਹੋ ਜਾਏ"।

ਭਈਆਂ ਕੋਲੋਂ ਐਨਾ ਸਤਿਕਾਰ ਸੰਭਾਲਿਆ ਨਾ ਗਿਆ। ਦੁਕਾਨਦਾਰਾਂ ਦੇ ਅਹਿਸਾਨ ਹੇਠ ਦੱਬੇ ਉਹ ਆਪਣੀਆਂ ਚੀਜ਼ਾਂ ਸਮੇਟ ਕੇ ਅੱਡੇ ਵਿੱਚ ਆਏ। ਬੱਸ ਖਾਲੀ ਦੇਖ ਕੇ ਸੀਟਾਂ ਉੱਤੇ ਬੈਠ ਗਏ। ਅੱਡਾ-ਇੰਚਾਰਜ ਕਾਹਲੀ ਨਾਲ ਟਿਕਟਾਂ ਕੱਟਦਾ ਆਇਆ। ਇੱਕ ਨੇ ਕਿਹਾ, "ਟਿਕਟੇਂ ਔੜ ਕੀ ਦੇ ਦੀਜੀਏ"। ਬੱਸ ਚੱਲਣ ਦੀ ਸੀਟੀ ਵਜਾ ਕੇ ਕੰਡਕਟਰ ਬਹੁਤ ਸਾਰੀਆਂ ਸਵਾਰੀਆਂ ਖੜ੍ਹੀਆਂ ਦੇਖ ਕੇ ਕਹਿਣ ਲੱਗਾ, "ਅਰੇ ਭਈਆ ਲੋਗ! ਤੁਮ ਉਠੋ ਛੱਤ ਪਰ ਚਲੋ, ਏਅਰ-ਕੰਡੀਸ਼ਨ ਮੇਂ"। ਉਸ ਨੇ ਹੱਸਦਿਆਂ ਹੋਇਆਂ ਸੀਟੀ ਮਾਰੀ ਤੇ ਬੱਸ ਚੱਲ ਪਈ।

ਪਿੰਡ ਦੀ ਲਿੰਕ-ਰੋਡ ਉੱਤੇ ਉਹ ਸਾਰੇ ਉੱਤਰ ਗਏ। ਸ਼ਾਮ ਪੈ ਗਈ ਸੀ ਪਰ ਉਨ੍ਹਾਂ ਕੋਲੋਂ ਸ਼ਹਿਰੋਂ ਖਰੀਦੀਆਂ ਚੀਜ਼ਾਂ ਦਾ ਚਾਅ ਸੰਭਾਲਿਆ ਨਹੀਂ ਸੀ ਜਾਂਦਾ। ਉੱਥੇ ਅੱਡੇ ਦੇ ਇੱਕ

ਪਾਸੇ ਆਪਣੀਆਂ ਨਵੀਆਂ ਖਰੀਦੀਆਂ ਧੋਤੀਆਂ ਅਤੇ ਕੰਬਲਾਂ ਦੀਆਂ ਲਿਸ਼ਕਦੀਆਂ ਤਹਿਆਂ ਫੋਲ ਫੋਲ ਕੇ ਖੁਸ਼ ਹੋਣ ਲੱਗੇ। ਕੋਈ ਆਪਣੀ ਹੋਣ ਵਾਲੀ ਪਤਨੀ ਲਈ ਸਾੜ੍ਹੀ ਖਰੀਦ ਕੇ ਲਿਆਇਆ ਸੀ, ਕੋਈ ਜਵਾਨ ਬੇਟੀ ਦੇ ਹੱਥ ਪੀਲੇ ਕਰਨ ਲਈ ਸ਼ਾਲ ਅਤੇ ਹੋਰ ਚੀਜ਼ਾਂ। ਕੰਬਲ ਤਾਂ ਸਭ ਨੇ ਹੀ ਖਰੀਦੇ ਸਨ। ਉਨ੍ਹਾਂ ਨੂੰ ਗੱਲਾਂ ਕਰਦਿਆਂ ਤੇ ਚੀਜ਼ਾਂ ਸਮੇਟਦਿਆਂ ਭੁੱਲ ਹੀ ਗਿਆ ਕਿ ਹਨ੍ਹੇਰਾ ਹੋ ਰਿਹਾ ਹੈ ਤੇ ਆਪਣੇ ਮੋਟਰਾਂ ਦੇ ਡੇਰਿਆਂ 'ਤੇ ਜਲਦੀ ਪਹੁੰਚਣਾ ਚਾਹੀਦਾ ਹੈ।

ਇੰਨੇ ਨੂੰ ਇੱਕ ਹੌਲਦਾਰ ਤੇ ਇੱਕ ਠਾਣੇਦਾਰ ਮੋਟਰ-ਸਾਈਕਲ 'ਤੇ ਸ਼ਰਾਬ ਨਾਲ ਰੱਜੇ ਹੋਏ ਆਏ ਅਤੇ ਭਈਆਂ ਦਾ ਝੁਰਮਟ ਦੇਖ ਕੇ ਕਹਿਣ ਲੱਗੇ, "ਅਰੇ ਕਿਆ ਬਾਤ ਹੈ? ਇਤਨੇ ਹਨ੍ਹੇਰੇ ਮੇਂ ਕਿਆ ਬਾਂਟ ਰਹੇ ਹੋ? ਕਹਾਂ ਸੇ ਲੂਟ ਕੇ ਲਾਏ ਹੈਂ ਯੇ ਮਾਲ?"। ਇੱਕ ਨੇ ਹੱਥ ਜੋੜ ਕੇ ਤੇ ਗਿੜਗਿੜਾਉਂਦੇ ਹੋਏ ਕਿਹਾ, "ਸਾਹਬ! ਗਾਉਂ ਜਾ ਰਹੇ ਹੈਂ। ਸ਼ਹਿਰ ਸੇ ਲੇ ਕੇ ਆਏ ਹੈਂ ਸਾਮਾਨ, ਅਪਨੇ ਬੱਚੋਂ ਕੇ ਲੀਏ"। ਠਾਣੇਦਾਰ ਮੁੱਛਾਂ ਨੂੰ ਵੱਟ ਦਿੰਦਿਆਂ ਬੋਲਿਆ, "ਸਾਲੇ ਗਾਉਂ ਜਾਣ ਦੇ ਬਣਦੇ ਆ, ਓਏ ਮੈਂ ਪੁੱਛਦਾਂ ਥੁਆਡੇ ਕੋਲ ਐਨੇ ਪੈਸੇ ਕਿੱਥੋਂ ਆਏ? ਇੱਥੇ ਥੁਆਨੂੰ ਵਲੈਤ ਲੱਗੀ ਆ, ਪਈ ਐਨਾ ਮਾਲ ਖਰੀਦ ਲਿਆਏ। ਸੱਚ ਬਕਦੇ ਹੋ ਕਿ ਲਾਵਾਂ ਚਾਰ ਚਾਰ ਰੂਲ?"

ਸਾਰੇ ਜਣੇ ਕੰਬਦੇ ਹੋਏ ਹੱਥ ਬੰਨ੍ਹੇ ਖੜ੍ਹੇ ਹੋ ਗਏ, "ਹਜ਼ੂਰ! ਹਮ ਜ਼ਰਾ ਭੀ ਝੂਠ ਨਹੀਂ ਬੋਲਤੇ"। "ਹਾਂ ਹਾਂ ਤੁਸੀਂ ਤਾਂ ਜ਼ਰਾ ਵੀ ਝੂਠ ਨਹੀਂ ਬੋਲਦੇ ਕਿ ਤੁਸੀਂ ਕਿਸੇ ਦੁਕਾਨ ਤੋਂ ਚੋਰੀ ਕਰ ਕੇ ਮਾਲ ਲਿਆਏ ਓ। ਜੇ ਐਸਾ ਨਾ ਹੁੰਦਾ ਤਾਂ ਘਰ ਜਾ ਕੇ ਨਾ ਮਰਦੇ? ਐਥੇ, ਪਿੰਡੋਂ ਬਾਹਰ ਬੈਠ ਕੇ ਵੰਡਦੇ?" ਠਾਣੇਦਾਰ ਨੇ ਰੂਲ ਨਾਲ ਬੂਟ ਦੀ ਮਿੱਟੀ ਝਾੜਦਿਆਂ ਹੌਲਦਾਰ ਨੂੰ ਕਿਹਾ, "ਰੱਖ ਓਏ ਸੱਜਣ ਸਿਆਂ, ਮਾਲ ਬੰਨ੍ਹ ਕੇ ਮੋਟਰ-ਸਾਈਕਲ ਉੱਤੇ। ਇਨ੍ਹਾਂ ਨੂੰ ਇੱਕ ਇੱਕ ਡੰਡਾ ਲਾ ਕੇ ਪਾ ਪਿੰਡ ਦੇ ਰਾਹੇ। ਸਵੇਰੇ ਆ ਕੇ ਇਨ੍ਹਾਂ ਨੂੰ ਪੁੱਛਾਂਗੇ ਕਿੱਥੋਂ ਚੋਰੀ ਕਰ ਕੇ ਆਏ? ਸਾਲੇ ਚੋਰ"।

* * * * *

# ਉੱਭਰਦਾ ਫੁੱਟਬਾਲਰ



• ਰੂਪਨਗਰ ਸ਼ਹਿਰ ਦੀ ਗਿਲਕੋ ਵੈਲੀ ਦੇ ਵਸਨੀਕ ਗੁਰਤੇਜ ਨੰਨਾ ਪੁਤਰ ਸ. ਮਨਮੋਹਨ ਸਿੰਘ ਸੈਣੀ ਨੇ ਰਾਸ਼ਟਰੀ ਪੱਧਰ ਦੇ ਵੱਕਾਰੀ ਫੁੱਟਬਾਲ ਟੂਰਨਾਮੈਂਟ, ਡਿਊਰੈਂਡ ਕੱਪ ਵਿੱਚ ਖੇਡ ਕੇ ਸਾਰੀ ਸੈਣੀ ਬਰਾਦਰੀ ਦਾ ਨਾਮ ਉੱਚਾ ਕਰ ਦਿੱਤਾ ਹੈ। ਉਸ ਨੇ ਗੁਹਾਟੀ ਵਿਖੇ ਆਯੋਜਿਤ ਇਸ ਟੂਰਨਾਮੈਂਟ ਵਿੱਚ ਦਿੱਲੀ ਫੁੱਟਬਾਲ ਕਲੱਬ ਵਲੋਂ ਭਾਗ ਲਿਆ। ਨੰਨਾ ਹੁਣ ਦੇਸ਼ ਦੇ ਚੋਟੀ ਦੇ ਖਿਡਾਰੀਆਂ ਵਿੱਚ ਸ਼ਾਮਲ ਹੈ। ਸੈਣੀ ਭਵਨ ਦੇ ਪ੍ਰਬੰਧਕ ਉਸ ਦੀ ਬੁਲੰਦੀ ਲਈ ਅਰਦਾਸ ਕਰਦੇ ਹਨ।

ਗੀਤ

## ਹਾਲੋ-ਬੇਹਾਲ

ਸੁਰਿੰਦਰ ਕੌਰ ਸੈਣੀ, ਰੂਪਨਗਰ

ਹੂਕ ਨਿਕਲਦੀ ਹੈ ਸੀਨੇ 'ਚੋਂ,
ਸੁਣ ਕੇ ਪਰਦੇਸ਼ੀਆਂ ਦਾ ਹਾਲ,
ਦੋ ਬੁਰਕੀਆਂ ਰੋਟੀ ਦੇ ਲਈ,
ਕਿੰਝ ਹੋ ਜਾਂਦੇ ਹਾਲੋ-ਬੇਹਾਲ।
ਦੋ ਮੁੱਠ ਆਟੇ ਲਈ ਪ੍ਰਦੇਸਾਂ 'ਚ
ਆਟੇ ਵਾਂਗ ਗੁਨ੍ਹ ਹੋ ਜਾਂਦੇ,
ਸਾਹਾਂ ਨੂੰ ਸੂਲੀ 'ਤੇ ਟੰਗ ਕੇ,
ਕਿੰਝ ਹੋ ਜਾਂਦੇ ਹਾਲੋ-ਬੇਹਾਲ।
ਮਾਂ ਬੋਲੀ ਪੰਜਾਬੀ ਦਾ ਪੁੱਤਰ,
ਕੱਖਾਂ ਤੋਂ ਹੌਲਾ ਹੋ ਜਾਂਦਾ,
ਮਿੱਟੀ ਦੇ ਮੁੱਲ ਉਹ ਤੁਲ ਕੇ,
ਕਿੰਝ ਹੋ ਜਾਂਦੇ ਹਾਲੋ-ਬੇਹਾਲ।
ਗਲ਼ ਕੰਠੇ ਹਿੱਕਾਂ ਚੌੜੀਆਂ ਵਾਲੇ,
ਗੋਰਿਆਂ ਅੱਗੇ ਝੁਕਦੇ,
ਮਿੱਟੀ ਆਪਣੀ ਤੋਂ ਵਿੱਛੜ ਕੇ,
ਕਿੰਝ ਹੋ ਜਾਂਦੇ ਹਾਲੋ-ਬੇਹਾਲ।
ਮਜ਼ਬੂਰੀਆਂ ਦੇ ਹੜ੍ਹ 'ਚ,
ਰੁੜ੍ਹ ਜਾਂਦੀਆਂ ਕੀਮਤੀ ਜਵਾਨੀਆਂ,
ਆਪਣੇ ਵਤਨਾਂ ਤੋਂ ਦੂਰ,
ਕਿੰਝ ਹੋ ਜਾਂਦੇ ਹਾਲੋ-ਬੇਹਾਲ।
ਮਾਵਾਂ ਤੋਂ ਵਿਛੜੇ ਭੈਣਾਂ ਤੋਂ ਵਿਛੜੇ,
ਆਪਣੇ ਦੇਸ਼ ਤੋਂ ਉੱਜੜੇ,
ਜ਼ਿੰਦਗੀ ਦੇ ਲੱਕ ਨੂੰ ਜੱਫੀ ਪਾ,
ਕਿੰਝ ਹੋ ਜਾਂਦੇ ਹਾਲੋ-ਬੇਹਾਲ।

* * * * *



# ਭਾਰਤ ਦਾ ਅਣਗੌਲਿਆ ਵਿਗਿਆਨੀ ਵਿਰਸਾ

ਦਵਿੰਦਰ ਸਿੰਘ ਜਟਾਣਾ
ਰੂਪਨਗਰ

ਭਾਰਤੀ ਲੋਕ ਇਹ ਜਾਣਦੇ ਹਨ ਕਿ ਉਨ੍ਹਾਂ ਦਾ ਵਿਰਸਾ ਮਹਾਨ ਹੈ, ਪਰ ਬਹੁਤ ਘੱਟ ਲੋਕ ਇਸ ਵਿਰਸੇ ਵਿੱਚ ਵਿਗਿਆਨ ਦੀਆਂ ਲੱਭਤਾਂ ਨੂੰ ਸ਼ਾਮਲ ਕਰਦੇ ਹਨ। ਇਸ ਦਾ ਕਾਰਨ ਹੈ ਕਿ ਬਾਹਰੀ ਹਕੂਮਤਾਂ ਵਲੋਂ ਸਦੀਆਂ ਦੇ ਰਾਜਨੀਤਿਕ ਗਲਬੇ ਦੌਰਾਨ ਭਾਰਤੀਆਂ ਨੂੰ ਇਹ ਵਿਸ਼ਵਾਸ ਕਰਵਾ ਦਿੱਤਾ ਗਿਆ ਹੈ ਕਿ ਵਿਗਿਆਨ ਤਾਂ ਯੂਰੋਪ ਦੀ ਦੇਣ ਹੈ। ਉਹ ਪੁਰਾਤਨ ਸਮਿਆਂ ਵਿੱਚ ਭਾਰਤ ਵਲੋਂ ਵਿਗਿਆਨ ਨੂੰ ਦਿੱਤੀਆਂ ਗਈਆਂ ਅਨੇਕ ਮਹੱਤਵਪੂਰਨ ਦੇਣਾਂ ਨੂੰ ਭੁੱਲ ਹੀ ਜਾਂਦੇ ਹਨ।

ਇਸ ਗੱਲ ਦੇ ਸਬੂਤ ਮਿਲਦੇ ਹਨ ਕਿ ਈਸਾ ਦੇ ਜਨਮ ਤੋਂ 3000 ਸਾਲ ਪਹਿਲਾਂ ਤੋਂ ਵੀ ਵੱਧ ਸਮਾਂ ਪਹਿਲਾਂ ਇਸ ਉੱਪ-ਮਹਾਂਦੀਪ ਦੇ ਲੋਕ ਵਿਗਿਆਨ ਦੇ ਵੱਡੇ ਗਿਆਤਾ ਸਨ। ਹੜੱਪਾ ਅਤੇ ਮੋਹਿੰਜੋਦਾੜੋ ਵਿਖੇ ਮਿਲੀਆਂ ਸਿੰਧ ਘਾਟੀ ਸਭਿਅਤਾ ਦੀਆਂ ਨਿਸ਼ਾਨੀਆਂ ਦਰਸਾਉਂਦੀਆਂ ਹਨ ਕਿ ਉਦੋਂ ਸ਼ਹਿਰ ਬਹੁਤ ਵਿਉਂਤਬੰਦ ਢੰਗ ਨਾਲ ਉਸਾਰੇ ਗਏ ਸਨ। ਉਨ੍ਹਾਂ ਵਿੱਚ ਘਰ ਘਰ ਪਾਣੀ ਪੁੱਜਦਾ ਕਰਨ ਦੇ ਅਤੇ ਜਲ-ਮਲ ਦੇ ਨਿਕਾਸ ਦੇ ਸ਼ਾਨਦਾਰ ਪ੍ਰਬੰਧ ਸਨ। ਖੇਤੀ-ਬਾੜੀ, ਇੱਟਾਂ ਬਣਾਉਣ, ਦਸਤਕਾਰੀ ਅਤੇ ਉਦਯੋਗ ਵਿੱਚ ਉਨ੍ਹਾਂ ਲੋਕਾਂ ਵਲੋਂ ਕੀਤੀ ਤਰੱਕੀ ਦੰਗ ਕਰ ਦੇਣ ਵਾਲੀ ਸੀ। ਉਹ ਸੂਤੀ ਕੱਪੜੇ ਪਹਿਨਦੇ ਸਨ। ਅਜੇ ਤੱਕ ਉਨ੍ਹਾਂ ਕਾਰਨਾਂ ਦਾ ਪਤਾ ਨਹੀਂ ਲਗ ਸਕਿਆ ਜਿਨ੍ਹਾਂ ਕਰ ਕੇ ਇਹ ਸੱਭਿਅਤਾ ਖਤਮ ਹੋ ਗਈ ਅਤੇ ਸ਼ਹਿਰ ਮਿੱਟੀ ਹੇਠ ਦੱਬੇ ਗਏ।

ਸਿੰਧ ਘਾਟੀ ਦੀ ਸੱਭਿਅਤਾ ਦੇ ਨਸ਼ਟ ਹੋ ਜਾਣ ਤੋਂ ਲੱਗਭੱਗ 1000 ਸਾਲ ਬਾਅਦ, 2000 ਈਸਵੀ ਪੂਰਵ ਵਿੱਚ ਆਰੀਆ ਲੋਕਾਂ ਦੇ ਭਾਰਤ ਆਉਣ ਨਾਲ ਇਸ ਦੇਸ਼ ਵਿੱਚ ਵਿਗਿਆਨ ਦੇ ਇਤਿਹਾਸ ਵਿੱਚ ਨਵਾਂ ਪੰਨਾਂ ਪਲਟਿਆ ਗਿਆ। ਇਸ ਦੇ ਸਬੂਤ ਮਿਲਦੇ ਹਨ ਕਿ ਆਰੀਆ ਲੋਕ ਵਿਗਿਆਨਕ ਸੋਚ ਵਾਲੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਬ੍ਰਹਿਮੰਡ ਨੂੰ ਇੱਕ ਪ੍ਰਕਿਰਤਕ ਨੇਮ ਚਲਾਉਂਦਾ ਹੈ। ਦੇਖਣ ਵਿੱਚ ਵਿਵਸਥਾਰਹਿਤ ਅਤੇ ਭਾਂਤ-ਸੁਭਾਂਤੇ ਇਸ ਸੰਸਾਰ ਨੂੰ ਪੰਚ ਭੂਤ, ਭਾਵ ਪੰਜ ਤੱਤਾਂ ਦੇ ਰੂਪ ਵਿੱਚ ਸਮਝਿਆ ਜਾਂਦਾ ਸੀ। ਇਹ ਤੱਤ ਸਨ-ਪ੍ਰਿਥਵੀ, ਅਪ(ਪਾਣੀ), ਤੇਜੱਸ(ਗਰਮੀ), ਵਾਯੂ ਅਤੇ ਆਕਾਸ਼। ਮਨੁੱਖੀ ਸਰੀਰ ਨੂੰ ਪੰਚਭੂਤਾਂ ਅਤੇ ਆਤਮਾ ਤੋਂ ਬਣਿਆਂ ਸਮਝਿਆ ਜਾਂਦਾ ਸੀ।

ਆਰੀਆ ਬਹੁਤ ਹੀ ਧਾਰਮਿਕ ਕਿਸਮ ਦੇ ਲੋਕ ਸਨ। ਉਹ ਹਰ ਇਕ ਰਹੁਰੀਤ ਜਾਂ ਬਲੀ ਕਿਸੇ ਸ਼ੁੱਭ ਘੜੀ 'ਤੇ ਅਤੇ ਇਸੇ ਮੰਤਵ ਲਈ ਉਸਾਰੇ ਗਏ ਵਿਸ਼ੇਸ਼ ਮੰਦਰਾਂ ਵਿੱਚ ਹੀ ਕਰਦੇ ਸਨ। ਇਸ ਦਾ ਨਿਰਣਾ ਗ੍ਰਹਿਆਂ ਦੀ ਸਥਿਤੀ ਤੋਂ ਕੀਤਾ ਜਾਂਦਾ ਸੀ। ਇਉਂ ਉਹ ਨਿਪੁੰਨ ਖਗੋਲ-ਵਿਗਿਆਨੀ (ਜਾਂ ਜੋਤਸ਼ੀ), ਗਣਿਤ-ਸ਼ਾਸਤਰੀ ਅਤੇ ਰੇਖਾ-ਗਣਿਤ ਦੇ ਮਾਹਰ ਹੁੰਦੇ ਸਨ। ਉਨ੍ਹਾਂ ਦਾ ਪੰਚਾਂਗ, ਚੰਦਰਮਾ ਅਤੇ ਸੂਰਜ ਦੋਵਾਂ ਦੀਆਂ ਗਤੀਆਂ ਉੱਤੇ ਆਧਾਰਿਤ ਸੀ। ਉਨ੍ਹਾਂ ਨੇ ਵੱਖ-ਵੱਖ ਨਛੱਤਰਾਂ ਦਾ ਪਤਾ ਲਗਾ ਲਿਆ ਸੀ ਅਤੇ ਮਹੀਨਿਆਂ ਦੇ ਨਾਂ ਉਨ੍ਹਾਂ ਅਨੁਸਾਰ ਰੱਖ ਲਏ ਸਨ।

ਉਦੋਂ ਵੀ ਭਾਰਤੀ ਲੋਕ ਗਣਿਤ ਦੇ 10 ਖਰਬ ਤੱਕ ਅੰਕਾਂ ਦੀ ਗਿਣਤੀ ਕਰ ਸਕਦੇ ਸਨ ਜਦੋਂ ਕਿ ਯੂਨਾਨੀ ਕੇਵਲ 10 ਹਜ਼ਾਰ ਅਤੇ ਰੋਮਨ 10 ਕਰੋੜ ਤੱਕ ਹੀ ਗਿਣ ਸਕਦੇ ਸਨ। ਪਾਈਥਾਗੋਰਸ ਥਿਊਰਮ ਦਾ ਮੁੱਢ ਵੀ ਆਰੀਆਂ ਦੇ ਸੁਲੱਭ ਸੂਤਰਾਂ ਵਿੱਚ ਲੱਭਿਆ ਜਾ ਸਕਦਾ ਹੈ। 2 ਦਾ ਵਰਗਮੂਲ ਅਤੇ 3 ਦਾ ਵਰਗਮੂਲ ਜਿਹੀਆਂ ਅਮਾਪ ਸੰਖਿਆਵਾਂ ਦੇ ਮੁੱਲ ਵੀ ਉਨ੍ਹਾਂ ਨੂੰ ਬਹੁਤ ਨਿਕਟਤਾ ਨਾਲ ਪਤਾ ਸੀ। ਵੈਦਿਕ ਸਾਹਿਤ ਵਿੱਚ ਕ੍ਰਮ ਪਰਿਵਰਤਨ ਅਤੇ ਸੰਯੋਜਨ ਦੀ ਜਾਣਕਾਰੀ ਦਾ ਵੀ ਪਤਾ ਲਗਦਾ ਹੈ।

ਇਹ ਮੱਤ ਬਹੁਤ ਪ੍ਰਚੱਲਿਤ ਸੀ ਕਿ ਬਿਮਾਰੀਆਂ ਰੁੱਤਾਂ ਦੀ ਤਬਦੀਲੀ, ਸਰੀਰ ਵਿੱਚ ਬਹੁਤ ਛੋਟੇ ਜੀਵਾਣੂਆਂ ਅਤੇ ਵਿਰਾਸਤੀ ਕਾਰਨਾਂ ਕਰ ਕੇ ਹੁੰਦੀਆਂ ਹਨ। ਉਦੋਂ ਆਯੁਰਵੇਦ ਨਾਂ ਦੀ ਚਕਿਤਸਾ ਵਿਧੀ ਵਰਤੀ ਜਾਂਦੀ ਸੀ। ਇਸ ਵਿੱਚ ਜੱਰਾਹੀ (ਚੀਰ-ਫਾੜ) ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਸੀ। ਜੱਰਾਹੀ ਰਾਹੀਂ ਇਲਾਜ ਦੀਆਂ ਵਿਧੀਆਂ ਵਿਕਸਿਤ ਰੂਪ ਵਾਲੀਆਂ ਸਨ। ਭਾਰਤ ਦਾ ਪ੍ਰਸਿੱਧ ਜੱਰਾਹੀ ਚਕਿਤਸਕ ਸੁਸਰੁਤ ਛੇਵੀਂ ਸਦੀ ਈਸਵੀ-ਪੂਰਵ ਵਿਚ ਹੋਇਆ। ਮਗਰੋਂ ਇਨ੍ਹਾਂ ਵਿਧੀਆਂ ਨੂੰ ਅਰਬਾਂ ਅਤੇ ਯੂਨਾਨੀਆਂ ਨੇ ਅਪਣਾ ਲਿਆ। ਰੋਮਨ ਲੋਕ ਭਾਰਤੀ ਜੜੀਆਂ-ਬੂਟੀਆਂ ਦੀ ਵੀ ਬਹੁਤ ਵਰਤੋਂ ਕਰਦੇ ਸਨ।

ਭਾਰਤ ਵਿੱਚ ਮਨੁੱਖੀ ਸਰੀਰ ਤੋਂ ਇਲਾਵਾ ਬਨਸਪਤੀ ਅਤੇ ਜਾਨਵਰਾਂ ਦੀ ਅੰਦਰਲੀ ਬਣਤਰ ਦਾ ਅਧਿਐਨ ਵੀ ਕੀਤਾ ਗਿਆ। ਉਨ੍ਹਾਂ ਦੇ ਵੱਖ-ਵੱਖ ਹਿੱਸੇ ਪਛਾਣ ਕੇ ਉਨ੍ਹਾਂ ਦੇ ਨਾਂ ਰੱਖੇ ਗਏ। ਖੇਤੀਬਾੜੀ ਵਿੱਚ ਜ਼ਮੀਨ ਦੀ ਉਪਜਾਊ-ਸ਼ਕਤੀ ਵਧਾਉਣ ਲਈ 'ਬਿਨ-ਫਸਲੀ ਗੇੜ' ਦੀ ਵਿਧੀ ਅਪਣਾਈ ਜਾਂਦੀ ਸੀ। ਇਸ ਅਨੁਸਾਰ ਕੁੱਝ ਫਸਲਾਂ ਲੈਣ ਮਗਰੋਂ ਖੇਤ ਨੂੰ ਕੁੱਝ ਸਮੇਂ ਲਈ ਖਾਲੀ ਛੱਡ ਦਿੱਤਾ ਜਾਂਦਾ ਸੀ।

ਭਾਰਤ ਵਿੱਚ ਵਿਗਿਆਨ ਦਾ ਸੁਨਹਿਰੀ ਯੁੱਗ ਚੌਥੀ ਸਦੀ ਪੂਰਵਈਸਵੀ ਤੋਂ ਛੇਵੀਂ-ਸੱਤਵੀਂ ਸਦੀ ਈਸਵੀ ਤੱਕ ਸੀ। ਮੌਰੀਆ, ਸ਼ੱਕ, ਕੁਸ਼ਾਨ ਅਤੇ ਗੁਪਤ ਸਾਮਰਾਜਾਂ ਅਧੀਨ ਦੇਸ਼ ਖੁਸ਼ਹਾਲ ਸੀ ਅਤੇ ਵਿਗਿਆਨ ਵਧ-ਫੁੱਲ ਰਿਹਾ ਸੀ। ਨਾਲੰਦਾ, ਵਾਰਾਨਸੀ ਅਤੇ ਤਕਸਿਲਾ ਵਿਖੇ ਪ੍ਰਸਿੱਧ ਵਿਸ਼ਵਿਦਿਆਲੇ ਸਥਿਤ ਸਨ। ਗੁਆਂਢੀ ਅਤੇ ਦੁਰੇਡੇ ਦੇਸ਼ਾਂ

ਨਾਲ ਵਿਦਵਾਨਾਂ ਦੀ ਆਵਾਜਾਈ ਆਮ ਸੀ। ਗਣਿਤ, ਖਗੋਲ-ਵਿਗਿਆਨ ਅਤੇ ਚਕਿਤਸਾ ਵਿੱਚ ਸ਼ਾਨਦਾਰ ਉੱਨਤੀ ਹੋਈ। ਪੰਜਵੀਂ ਸਦੀ ਦੇ ਕਰੀਬ ਗਣਿਤ ਵਿੱਚ ਜ਼ੀਰੋ ਦਾ ਸੰਕਲਪ ਇੱਥੇ ਹੀ ਪੇਸ਼ ਕੀਤਾ ਗਿਆ। ਇੱਕ ਹੋਰ ਲੱਭਤ ਡਿਫਰੈਂਸ਼ਲ ਕੈਲਕੁਲਸ ਵੀ ਭਾਰਤੀ ਗਣਿਤਕਾਰਾਂ ਨੇ ਕੀਤੀ ਭਾਵੇਂਕਿ ਇਸ ਦੇ ਅਗਲੇਰੇ ਵਿਕਾਸ ਵੱਲ ਧਿਆਨ ਨਾ ਦਿੱਤਾ ਗਿਆ।

'ਸਿਧਾਂਤ' ਨਾਂ ਦੇ ਖਗੋਲ ਵਿਗਿਆਨ ਦੇ ਗ੍ਰੰਥ ਵੀ ਇਸੇ ਸਮੇਂ ਲਿਖੇ ਗਏ। ਉਨ੍ਹਾਂ ਵਿੱਚੋਂ ਇੱਕ-'ਸੂਰੀਆ ਸਿਧਾਂਤ' ਆਪਣੇ ਦਰੁਸਤ ਵੇਰਵੇ ਲਈ ਜਗਤ-ਪ੍ਰਸਿੱਧ ਹੈ। ਬਨਸਪਤੀ ਦੇ ਸਰੀਰ-ਵਿਗਿਆਨ, ਮਨੁੱਖੀ ਸਰੀਰ ਕਿਰਿਆ ਵਿਗਿਆਨ ਅਤੇ ਅੰਕੁਰਨ-ਪ੍ਰਕਿਰਿਆ ਬਾਰੇ ਗ੍ਰੰਥ ਵੀ ਰਚੇ ਗਏ। ਬੂਟਿਆਂ ਦੀ ਨਾਮਕਰਨ-ਵਿਧੀ ਦਾ ਵਿਕਾਸ ਕੀਤਾ ਗਿਆ। ਇਸ ਸਮੇਂ ਹੀ ਭਾਰਤ ਵਿੱਚ ਚਕਿਤਸਕ ਚਰਕ ਤੇ ਪਤੰਜਲੀ; ਖਗੋਲ ਵਿਗਿਆਨੀ ਕਣਾਦ, ਆਰੀਆ ਭੱਟ ਤੇ ਵਰਾਹਮਿਹੀਰ; ਗਣਿਤਸ਼ਾਸਤਰੀ ਬ੍ਰਹਮਗੁਪਤ ਹੋਏ। ਦਸਵੀਂ ਸਦੀ ਦੇ ਅੱਧ ਵਿੱਚ ਰਸਾਇਣ-ਵਿਗਿਆਨੀ ਨਾਗਾਰਜੁਨ ਨੇ ਰਸਰਤਨਾਕਰ ਗ੍ਰੰਥ ਵਿੱਚ ਪਾਰੇ ਦੇ ਯੌਗਿਕ ਬਣਾਉਣ ਦੀਆਂ ਵਿਧੀਆਂ ਦੱਸੀਆਂ।

ਬਾਰ੍ਹਵੀਂ ਸਦੀ ਵਿੱਚ ਮੁਸਲਿਮ ਹਮਲਿਆਂ ਕਾਰਨ ਭਾਰਤ ਦਾ ਪੁਰਾਤਨ ਸੱਭਿਆਚਾਰ ਅਤੇ ਗਿਆਨ ਕੇਵਲ ਮਹਾਂਰਾਸ਼ਟਰ ਅਤੇ ਗੁਜਰਾਤ ਦੇ ਕੁੱਝ ਇਲਾਕਿਆਂ ਵਿੱਚ ਅਤੇ ਦੱਖਣੀ ਭਾਰਤ ਵਿੱਚ ਹੀ ਬਚਿਆ ਰਹਿ ਗਿਆ। ਇਸ ਸਦੀ ਵਿੱਚ ਕੇਵਲ ਇੱਕ ਗਣਿਤ ਵਿਗਿਆਨੀ ਭਾਸਕਰ ਦਾ ਜ਼ਿਕਰ ਮਿਲਦਾ ਹੈ ਜਿਸ ਨੇ ਇੰਟੈਗਰਲ ਕੈਲਕੁਲਸ ਅਤੇ ਟ੍ਰਿਗਨੋਮੈਟਰੀ ਦੇ ਸਿਧਾਂਤਾਂ ਨੂੰ ਜਨਮ ਦਿੱਤਾ। ਇਸ ਸਮੇਂ ਸੰਸਕ੍ਰਿਤ ਦੇ ਗ੍ਰੰਥ ਵੀ ਫਾਰਸੀ ਅਤੇ ਅਰਬੀ ਭਾਸ਼ਾਵਾਂ ਵਿੱਚ ਅਨੁਵਾਦੇ ਗਏ। ਇਸ ਪ੍ਰਕਾਰ ਭਾਰਤੀ ਗਿਆਨ ਅਰਬੀ ਅਤੇ ਅੱਗੇ ਯੂਰਪੀਅਨ ਲੋਕਾਂ ਕੋਲ ਪੁੱਜ ਗਿਆ।

ਜਦੋਂ ਭਾਰਤ ਜੰਗਾਂ ਅਤੇ ਹਮਲਿਆਂ ਨਾਲ ਤਬਾਹ ਹੋ ਰਿਹਾ ਸੀ ਤਾਂ ਯੂਰਪ ਵਿਗਿਆਨ ਦੀ ਜਾਗ੍ਰਿਤੀ ਦੇ ਦੌਰ ਵਿੱਚੋਂ ਲੰਘ ਰਿਹਾ ਸੀ। ਬ੍ਰਹਿਮੰਡ ਬਾਰੇ ਕਾਪਰਨੀਕਸ ਦਾ ਸੂਰਜ-ਕੇਂਦਰੀ ਸਿਧਾਂਤ, ਗੈਲੀਲਿਉ ਦੀਆਂ ਖਗੋਲ-ਵਿਗਿਆਨ ਲੱਭਤਾਂ ਅਤੇ ਆਈਸਕ ਨਿਊਟਨ ਦੇ ਗਤੀ-ਨਿਯਮ ਮਾਨਤਾ ਪ੍ਰਾਪਤ ਕਰ ਚੁੱਕੇ ਸਨ। ਸੱਚ ਦੇ ਭਾਲ-ਵਿਗਿਆਨ ਦਾ ਹਰ ਥਾਂ ਬੋਲਬਾਲਾ ਹੋ ਰਿਹਾ ਸੀ। ਇਤਿਹਾਸ ਭਾਰਤ ਦੇ ਪੱਖ ਵਿੱਚ ਨਹੀਂ ਸੀ। ਇਹ ਪੁਨਰ-ਜਾਗਰਿਤੀ ਵਿੱਚ ਹਿੱਸਾ ਨਾ ਲੈ ਸਕਿਆ ਜਿਸ ਕਾਰਨ ਆਧੁਨਿਕ ਵਿਗਿਆਨ ਦਾ ਕੇਂਦਰ ਨਾ ਬਣ ਸਕਿਆ। ਮੁਗਲਾਂ ਤੋਂ ਮਗਰੋਂ ਪੁਰਤਗੇਜ਼ੀ, ਡੱਚ, ਫਰਾਂਸੀਸੀ ਅਤੇ ਅੰਤ ਨੂੰ ਅੰਗਰੇਜ਼ ਆਏ। ਇਨ੍ਹਾਂ ਹਮਲਿਆਂ ਨੇ ਪੂਰਾ ਨਾ ਹੋ ਸਕਣ ਵਾਲਾ ਨੁਕਸਾਨ ਕੀਤਾ। ਭਾਰਤੀ ਲੋਕ ਆਪਣਾ ਸ਼ਾਨਦਾਰ ਵਿਗਿਆਨਕ ਭੂਤਕਾਲ ਭੁੱਲ-ਭੁਲਾ ਗਏ। ਅੰਤ ਨੂੰ ਉਨ੍ਹਾਂ ਨੂੰ ਇਸ ਦੀ ਯਾਦ 1921 ਵਿੱਚ ਸਿੰਧ ਘਾਟੀ ਦੀ ਸੱਭਿਅਤਾ ਦੀ ਲੱਭਤ ਨਾਲ ਆਈ।

ਭਾਰਤੀ ਵਿਗਿਆਨ ਨੂੰ ਅੰਗਰੇਜ਼ ਹਕੂਮਤ ਦਾ ਇੱਕ ਵੱਡਾ ਲਾਭ ਆਧੁਨਿਕ ਵਿਗਿਆਨ ਦੀ ਭਾਸ਼ਾ, ਅੰਗਰੇਜ਼ੀ ਵਿੱਚ ਵਿੱਦਿਆ ਦਾ ਪਸਾਰ ਸੀ। ਵਿਗਿਆਨ ਦੀ ਸਿੱਖਿਆ ਨੂੰ 1857 ਵਿੱਚ ਇੱਕ ਵੱਡਾ ਹੁਲਾਰਾ ਮਿਲਿਆ ਜਦੋਂ ਕਲਕੱਤਾ, ਬੰਬਈ ਅਤੇ ਮਦਰਾਸ ਵਿਖੇ ਤਿੰਨ ਯੂਨੀਵਰਸਿਟੀਆਂ ਸਥਾਪਿਤ ਕੀਤੀਆਂ ਗਈਆਂ। 1876 ਵਿੱਚ ਇਕ ਧਨੀ ਡਾਕਟਰ ਮਹੇਂਦਰ ਲਾਲ ਸਰਕਾਰ ਨੇ ਵਿਗਿਆਨਕ ਖੋਜ ਦੀ ਪਹਿਲੀ ਸੰਸਥਾ-'ਇੰਡੀਅਨ ਐਸੋਸੀਏਸ਼ਨ ਫ਼ਾਰ ਦ ਕਲਟੀਵੇਸ਼ਨ ਆਫ਼ ਸਾਇੰਸ' ਕਲਕੱਤਾ ਵਿਖੇ ਕਾਇਮ ਕੀਤੀ। ਛੇਤੀ ਹੀ ਇਹ ਆਜ਼ਾਦੀ ਤੋਂ ਪਹਿਲੇ ਭਾਰਤ ਵਿੱਚ ਵਿਗਿਆਨਕ ਸਰਗਰਮੀਆਂ ਦਾ ਕੇਂਦਰ ਬਣ ਗਈ। ਭਾਰਤ ਦੇ ਆਜ਼ਾਦ ਹੋਣ ਨਾਲ ਦੇਸ਼ ਵਿੱਚ ਵਿਗਿਆਨ ਦੇ ਇਤਿਹਾਸ ਵਿੱਚ ਇਕ ਨਵਾਂ ਪੰਨਾਂ ਖੁੱਲ੍ਹਿਆ। ਵਿਗਿਆਨੀਆਂ ਲਈ ਸਹੂਲਤਾਂ ਦਾ ਵਰਣਨਯੋਗ ਪਸਾਰ ਹੋਇਆ। ਅਨੇਕ ਖੇਤਰਾਂ ਵਿੱਚ ਖੋਜ ਹੋਈ ਅਤੇ ਵਧੀ-ਫੁੱਲੀ। ਤਰੱਕੀ ਤੇਜ਼ੀ ਨਾਲ ਹੋਈ। ਕਈ ਵਾਰ ਤਾਂ ਦੰਗ ਕਰ ਦੇਣ ਵਾਲੀ ਤੇਜ਼ੀ ਨਾਲ ਵਾਪਰੀ। ਇਸ ਸਮੇਂ ਹੀ ਭੌਤਿਕ ਵਿਗਿਆਨੀ ਸੀ.ਵੀ.ਰਮਨ, ਐਸ.ਕੇ.ਮਿੱਤਰਾ, ਐਮ.ਐਨ.ਸਾਹਾ, ਐਸ.ਐਨ.ਬੋਸ, ਕੇ.ਐਸ.ਕ੍ਰਿਸ਼ਨਣ, ਐਚ.ਜੇ.ਭਾਬਾ, ਵੀ.ਏ.ਸਾਰਾਭਾਈ, ਰਾਜਾ ਰਮੰਨਾ, ਐਮ.ਜੀ.ਕੇ ਮੈਨਨ, ਜੇ.ਵੀ.ਨਾਰਲੀਕਰ ਅਤੇ ਜਗਦੀਸ਼ ਚੰਦਰ ਬੋਸ ਨੇ ਭਾਰਤ ਨੂੰ ਖਗੋਲ ਖੇਤਰ ਵਿੱਚ ਬੁਲੰਦੀਆਂ 'ਤੇ ਪਹੁੰਚਾਇਆ। ਇਨ੍ਹਾਂ ਤੋਂ ਇਲਾਵਾ ਬਨਸਪਤੀ ਵਿਗਿਆਨੀ ਬੀਰਬਲ ਸਾਹਨੀ, ਡਾ.ਅਵਤਾਰ ਸਿੰਘ ਪੈਂਤਲ, ਪੀ.ਸੀ.ਰੇਅ ਅਤੇ ਗਣਿਤ ਸ਼ਾਸਤਰੀ ਐਸ.ਰਾਮਾਨੁਜਨ ਦੇ ਨਾਂ ਵੀ ਵਰਣਨਯੋਗ ਹਨ।

ਭਾਰਤ ਹੁਣ ਨਿਊਕਲੀਅਰ ਖੇਤਰ, ਪੁਲਾੜੀ ਖੇਤਰ ਅਤੇ ਐਂਟਾਰਕਟਿਕ ਦੀ ਖੋਜ ਦੇ ਖੇਤਰ ਵਿੱਚ ਦੂਜੇ ਦੇਸ਼ਾਂ ਦਾ ਭਾਈਵਾਲ ਹੈ। ਅਮਰੀਕਾ ਅਤੇ ਰੂਸ ਮਗਰੋਂ ਇਸ ਕੋਲ ਸਿਖਿਆ-ਪ੍ਰਾਪਤ ਤਕਨਾਲੋਜਿਸਟਾਂ ਦਾ ਸੰਸਾਰ ਵਿੱਚ ਤੀਜਾ ਵੱਡਾ ਸਮੂਹ ਹੈ। ਸੰਨ 1969 ਵਿੱਚ 'ਭਾਰਤੀ ਪੁਲਾੜੀ ਖੋਜ ਸੰਸਥਾ (ਇਸਰੋ) ਦੇ ਸਥਾਪਿਤ ਹੋਣ ਪੁਲਾੜੀ ਸਫ਼ਲਤਾਵਾਂ ਵਿੱਚ ਹਨੇਰੀ ਆ ਗਈ ਹੈ। ਇਸ ਸੰਸਥਾ ਵਲੋਂ ਚੰਦ ਦੀ ਖੋਜ ਲਈ 2008 ਤੋਂ ਚਲਾਏ ਪ੍ਰਾਜੈਕਟ, ਦੇ ਤੀਜੇ ਪੜਾਅ ਵਿੱਚ 23 ਅਗਸਤ, 2023 ਨੂੰ 'ਚੰਦਰਯਾਨ-3' ਦਾ ਆਪਣੇ ਇਸ ਕੁਦਰਤੀ ਉੱਪਗ੍ਰਹਿ ਦੇ ਦੱਖਣੀ ਧਰੁਵ ਲਾਗੇ ਸਹਿਜ ਉਤਾਰਾ ਕਰਵਾ ਕੇ ਭਾਰਤ ਨੂੰ ਵਿਸ਼ਵ ਦੇ ਵਿਕਸਿਤ ਦੇਸ਼ਾਂ-ਅਮਰੀਕਾ, ਰੂਸ ਅਤੇ ਚੀਨ ਤੋਂ ਬਾਅਦ ਚੌਥਾ ਸਥਾਨ ਦਿਲਾ ਦਿੱਤਾ ਹੈ। ਭਾਰਤ ਨੂੰ ਅਜੇ ਵਿਕਸਿਤ ਦੇਸ਼ਾਂ ਬਰਾਬਰ ਹੋਣ ਲਈ ਬਹੁਤ ਕੁੱਝ ਕਰਨਾ ਪਵੇਗਾ।



ਕਵਿਤਾ

## ਪੰਛੀ ਆਜ਼ਾਦ ਹੈ।

ਤਾਰਾ ਸਿੰਘ ਚੇੜਾ
ਪਿੰਡ ਝਿੱਕਾ ਜ਼ਿਲ੍ਹਾ ਨਵਾਂਸ਼ਹਿਰ

ਪੰਛੀ ਆਜ਼ਾਦ ਹੈ
ਕਿਉਂਕਿ ਘਰ ਨਹੀਂ ਬਣਾਉਂਦਾ।
ਮਨੁੱਖ ਕੈਦੀ ਹੈ,
ਕਿਉਂਕਿ ਘਰ ਬਣਾਉਂਦਾ ਹੈ।
ਜਿਸ ਵਿੱਚ,
ਕੈਦੀ ਬਣ ਉਮਰਾਂ ਲੰਘਾ ਦਿੰਦਾ ਹੈ
ਅੰਤ ਤੱਕ।
ਪੰਛੀ ਪਰਿਵਾਰ ਪਾਲਦਾ
ਰੁੱਖਾਂ ਤੇ ਆਲ੍ਹਣੇ ਬਣਾ ਕੇ ।
ਬੱਚੇ ਉਡਾਰੂ ਹੁੰਦਿਆਂ ਹੀ
ਝੱਖੜ ਹਨੇਰੀਆਂ ਲਈ
ਛੱਡ ਜਾਂਦਾ ਹੈ।
ਪੰਛੀ ਮਨੁੱਖੀ ਫਾਹੀਆਂ ਤੋਂ
ਬਚਦਾ ਬਚਾਉਂਦਾ
ਕੁੱਝ ਨਾ ਕੁੱਝ
ਬੋਟਾਂ ਦੀਆਂ ਚੁੰਝਾਂ ਲਈ
ਲੈ ਹੀ ਆਉਂਦਾ ਹੈ।
ਉਹ ਭੰਡਾਰਨ
ਨਹੀਂ ਕਰਦਾ ,
ਕਿਉਂਕਿ ਉਸ ਨੂੰ ਵਿਸ਼ਵਾਸ ਹੈ
ਕੁੱਝ ਮਿਲ ਹੀ ਜਾਣਾ
ਢਿੱਡ ਭਰਨ ਲਈ।
ਮਾਨ ਸਰੋਵਰ 'ਚੋਂ
ਮੋਤੀ ਚੁਗਦਾ
ਵੀ ਸੰਤੁਸ਼ਟ ਹੈ।
ਤੇ ਧਰਤ ਤੋਂ
ਆਹਰ ਭਾਲਦਾ ਵੀ
ਉਦਾਸ ਨਹੀਂ ਹੈ।
ਖੁਸ਼ੀ ਵਿੱਚ
ਅੰਬਰਾਂ ਵੱਲ ਉਡਦਾ ਤੇ
ਧਰਤ ਤੇ ਪੈਲਾਂ ਪਾਉਂਦਾ,
ਮਨੁੱਖ ਵਾਂਗ
ਚਿੰਤਤ ਨਹੀਂ ਹੈ।
ਰਾਤ ਦਿਨ ਰੁੱਖ ਦੀਆਂ ਟਾਹਣੀਆਂ
ਤੇ ਕੱਟ ਵੀ
ਕਿਸੇ ਨੂੰ ਉਲਾਂਭਾ ਨਹੀਂ,
ਨਾ ਹੀ ਹਿਰਖ ਕਰਦਾ
ਮਨੁੱਖ ਵਾਂਗ।
ਸਚੁਮੱਚ ਪੰਛੀ ਆਜ਼ਾਦ ਹੈ ਤੇ ਖੁਸ਼ ਪ੍ਰਸੰਨ ਵੀ
ਚਿੰਤਾ ਨਾਲ ਗ੍ਰਸਿਆ ਨਹੀਂ ਮੌਜਾਂ ਮਾਣਦਾ
ਕੁਦਰਤ ਨਾਲ ਇੱਕਮਿੱਕ ਹੋ।

## ਸੈਣੀ ਸਮਾਚਾਰ

ਸੈਣੀ ਬਰਾਦਰੀ ਦੇ ਮਹਾਂਪੁਰਸ਼ ਅਮਰ ਸ਼ਹੀਦ ਭਾਈ ਜਮਾਲਾ ਸਿੰਘ ਨਨੂਆਂ ਦੀ ਯਾਦ ਨੂੰ ਸਮਰਪਿਤ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੱਕੂਮਾਜਰਾ ਜ਼ਿਲ੍ਹਾ ਰੂਪਨਗਰ ਵਿੱਚ ਸਥਾਪਿਤ ਸਿੱਖਿਆ ਪਾਰਕ ਦਾ ਸਪੁਰਦਗੀ ਸਮਾਗਮ 11 ਅਗਸਤ,2023 ਨੂੰ ਕੀਤਾ ਗਿਆ। ਇਸ ਦੇ ਮੁੱਖ ਮਹਿਮਾਨ ਸ਼੍ਰੀਮਤੀ ਇੰਦੂ ਮਲਹੋਤਰਾ, ਕਮਿਸ਼ਨਰ ਰੂਪਨਗਰ ਡਿਵੀਜ਼ਨ ਸਨ। ਇਸ ਸਮੇਂ 'ਬਾਬਾਣੀਆਂ ਕਹਾਣੀਆਂ ਪੁਤ ਸਪੁੱਤ ਕਰੇਨਿ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ ਜਿਸ 'ਤੇ ਬੋਲਦਿਆਂ ਗਿਆਨੀ ਬਲਜੀਤ ਸਿੰਘ ਡਾਇਰੈਕਟਰ ਗੁਰਮਤਿ ਮਿਸ਼ਨਰੀ ਕਾਲਜ ਚੌਂਤਾ ਨੇ ਮਹਾਨ ਗੁਰੂਆਂ ਦੇ ਉਪਦੇਸ਼ਾਂ ਅਤੇ ਕੁਰਬਾਨੀਆਂ 'ਤੇ ਚਾਨਣਾ ਪਾਇਆ। ਇਸ ਸਮੇਂ ਸੈਣੀ ਭਵਨ ਰੂਪਨਗਰ ਦੇ ਪ੍ਰਧਾਨ ਡਾ.ਅਜਮੇਰ ਸਿੰਘ ਨੇ ਜਮਾਲਾ ਸਿੰਘ ਨਨੂਆਂ ਦੀ ਗੁਰਮਤਿ ਕਵੀ, ਗੁਰੂ ਘਰ ਦੇ ਸ਼ਰਧਾਲੂ ਅਤੇ ਮਹਾਨ ਯੋਧਾ ਹੋਣ ਬਾਰੇ ਸਰੋਤਿਆਂ ਨੂੰ ਜਾਣੂ ਕਰਵਾਇਆ। ਵਰਣਨਯੋਗ ਹੈ ਕਿ ਇਸ ਸਿੱਖਿਆ ਪਾਰਕ ਵਿੱਚ ਇਤਿਹਾਸਕ ਨਾਇਕ ਅਤੇ ਨਾਇਕਾਵਾਂ ਦੀਆਂ ਤਸਵੀਰਾਂ ਅਤੇ ਜੀਵਨੀਆਂ ਪ੍ਰਦਰਸ਼ਿਤ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚ 45 ਪ੍ਰਸਿੱਧ ਧਾਰਮਿਕ ਸ਼ਖ਼ਸੀਅਤਾਂ, ਫੌਜੀ ਯੋਧੇ, ਆਜ਼ਾਦੀ ਘੁਲਾਟੀ, ਸਮਾਜ ਸੇਵੀ ਅਤੇ ਵਿਗਿਆਨੀ ਸ਼ਾਮਲ ਹਨ। ਇਨ੍ਹਾਂ ਨਾਇਕਾਂ ਦੀਆਂ ਫੋਟੋਆਂ ਅਤੇ ਜੀਵਨ-ਵੇਰਵਿਆਂ ਨੂੰ ਇੱਕ ਖ਼ੂਬਸੂਰਤ ਅਤੇ ਰੰਗਦਾਰ ਕਿਤਾਬਚੇ ਦੇ ਰੂਪ ਵਿੱਚ ਸੰਭਾਲਿਆ ਗਿਆ ਹੈ ਜਿਸ ਦੀ ਘੁੰਡਚੁਕਾਈ ਵੀ ਇਸ ਦਿਨ ਕੀਤੀ ਗਈ। ਇਸ ਸਮੇਂ ਬੋਲਦਿਆਂ ਮੁੱਖ ਮਹਿਮਾਨ ਨੇ ਇਸ ਨਵੇਕਲੇ ਕਾਰਜ ਦੇ ਕਰਤਾਧਰਤਾ ਸ. ਸ਼ਮਿੰਦਰ ਸਿੰਘ ਨਨੂਆਂ ਪ੍ਰਧਾਨ ਓਲਡ ਸਟੂਡੈਂਟਸ ਐਸੋਸੀਏਸ਼ਨ ਭੱਕੂਮਾਜਰਾ, ਸਕੂਲ ਪ੍ਰਿੰਸੀਪਲ ਅਤੇ ਪਿੰਡਵਾਸੀਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸਕੂਲ ਦੇ ਵਿਹੜੇ ਵਿੱਚ ਇੱਕ ਅੰਬ ਦਾ ਬੂਟਾ ਲਾ ਕੇ ਲੋਕਾਂ ਨੂੰ ਵੱਧ ਤੋਂ ਵੱਧ ਦਰਖਤ ਲਾਉਣ ਦੀ ਪ੍ਰੇਰਨਾ ਕੀਤੀ। ਸਟੇਜ ਦਾ ਸੰਚਾਲਨ ਸੈਣੀ ਭਵਨ ਰੂਪਨਗਰ ਦੇ ਟਰੱਸਟੀ ਸ. ਰਾਜਿੰਦਰ ਸਿੰਘ ਨਨੂਆਂ ਨੇ ਬਾਖੂਬੀ ਕੀਤਾ। ਹੋਰ ਬੁਲਾਰਿਆਂ ਨੇ ਨਨੂਆਂ ਪਰਿਵਾਰ ਨੂੰ ਆਪਣੇ ਬਜ਼ੁਰਗਾਂ ਨੂੰ ਯਾਦ ਕਰਨ ਲਈ ਵਧਾਈ ਦਿੱਤੀ। ਇਸ ਸਮਾਗਮ ਵਿੱਚ ਨਜ਼ਦੀਕੀ ਪਿੰਡਾਂ ਦੇ ਪ੍ਰਮੁੱਖ ਸੈਣੀ ਵਿਅਕਤੀਆਂ ਨੇ ਸ਼ਮੂਲੀਅਤ ਕੀਤੀ।



❋ ❋ ❋ ❋ ❋

ਜੀਵਨ ਜਾਂਚ

ਗੁਰਬਿੰਦਰ ਸਿੰਘ ਮਾਣਕ

# ਨਰੋਏ ਸਮਾਜ ਲਈ ਨਵੀਆਂ ਪੈੜਾਂ ਸਿਰਜੀਏ



ਜਿਸ ਆਲੇ ਦੁਆਲੇ 'ਚ ਅਸੀਂ ਵਿਚਰਦੇ ਹਾਂ ਉਸ ਨੂੰ ਹੀ ਸਮਾਜ ਕਿਹਾ ਜਾਂਦਾ ਹੈ। ਜਨਮ ਤੋਂ ਲੈ ਕੇ ਮਰਨ ਤੱਕ ਮਨੁੱਖ ਦੇ ਜੀਵਨ ਦੀਆਂ ਬਹੁਤੀਆਂ ਗਤੀਵਿਧੀਆਂ ਸਮਾਜਿਕ ਵਿਵਸਥਾ ਦੇ ਆਰਪਾਰ ਹੀ ਫੈਲੀਆਂ ਹੁੰਦੀਆਂ ਹਨ। ਮਨੁੱਖ ਆਪਣੇ ਜੀਵਨ-ਪੰਧ 'ਤੇ ਤੁਰਿਆ, ਅੱਗੇ ਵਧਣ ਦੀ ਜਗਿਆਸਾ ਮਨ ਵਿੱਚ ਸਮੋਈ, ਜਿਸ ਚੌਗਿਰਦੇ ਵਿੱਚ ਵਿਚਰਦਾ ਹੈ, ਉਸ ਨਾਲੋਂ ਤੋੜ-ਵਿਛੋੜਾ ਕਰ ਕੇ ਸਫ਼ਲਤਾ ਹਾਸਲ ਨਹੀਂ ਕਰ ਸਕਦਾ। ਅਕਸਰ ਹੀ ਬਹੁਤ ਵਾਰ ਇਹ ਸੁਣਨ ਨੂੰ ਮਿਲਦਾ ਹੈ ਕਿ ਸਿਸਟਮ ਗ਼ਲਤ ਦਿਸ਼ਾ ਵੱਲ ਤੁਰਿਆ ਜਾ ਰਿਹਾ ਹੈ। ਅਸਲ ਸਥਿਤੀ ਇਹ ਹੈ ਕਿ ਲੋਕਾਂ ਦੀ ਸੋਚ, ਵਿਵਹਾਰ, ਆਦਤਾਂ, ਰੁਚੀਆਂ ਤੇ ਤਰਜੀਹਾਂ ਹੀ ਕਿਸੇ ਸਮਾਜ ਦੇ ਸਿਸਟਮ ਦੀ ਤੋਰ ਨੂੰ ਨਿਸ਼ਚਿਤ ਕਰਦੀਆਂ ਹਨ। ਲੋਕਾਂ ਤੋਂ ਬਿਨਾਂ ਤਾਂ ਸਮਾਜ ਦੀ ਹੋਂਦ ਹੀ ਨਹੀਂ ਹੋ ਸਕਦੀ। ਇਸ ਲਈ ਜਿਹੋ ਜਿਹੇ ਲੋਕ ਹੋਣਗੇ, ਸਮਾਜਿਕ ਵਿਵਸਥਾ ਦਾ ਦਾਰੋਮਦਾਰ ਵੀ ਉਹੋ ਜਿਹਾ ਹੀ ਹੋਵੇਗਾ।

ਕੋਈ ਮਨੁੱਖ ਸਮਾਜ 'ਚ ਕੇਵਲ ਆਪਣੇ ਲਈ ਹੀ ਨਹੀਂ ਜਿਉਂਦਾ। ਉਹ ਜਿਸ ਸੱਭਿਅਕ ਸਮਾਜ ਵਿੱਚ ਵਿਚਰਦਾ ਹੈ, ਉਸ ਪ੍ਰਤਿ ਵੀ ਉਸ ਦੇ ਕੁੱਝ ਫ਼ਰਜ ਹੁੰਦੇ ਹਨ। ਜੇ ਹਰ ਬੰਦਾ ਨਰੋਆ ਸਮਾਜ ਸਿਰਜਣ ਲਈ ਆਪਣਾ ਯੋਗਦਾਨ ਦਿੰਦਾ ਰਹੇ ਤਾਂ ਸਮਾਜ ਦੀ ਕਾਇਆ-ਕਲਪ ਹੋ ਸਕਦੀ ਹੈ। ਬਹੁਤੇ ਮਨੁੱਖ ਸਮਾਜ ਵਿੱਚ ਵਿਚਰਦਿਆਂ ਕੇਵਲ ਆਪਣੇ ਸਵਾਰਥਾਂ, ਲਾਲਸਾਵਾਂ ਤੇ ਨਿਰਾਰਥਕ ਗਤੀਵਿਧੀਆਂ ਕਾਰਨ ਸਮਾਜ ਨੂੰ ਬਰਬਾਦੀ ਦੇ ਰਾਹ ਤੋਰ ਦਿੰਦੇ ਹਨ। ਮਨੁੱਖ, ਸਮਾਜ ਤੋਂ ਬਹੁਤ ਕੁੱਝ ਲੈਂਦਾ ਹੈ, ਇਸ ਲਈ ਉਸ ਦਾ ਵੀ ਫ਼ਰਜ ਬਣਾ ਹੈ ਕਿ ਉਹ ਬਦਲੇ ਵਿੱਚ ਜੇ ਬਹੁਤਾ ਨਹੀ ਤਾਂ ਕੁੱਝ ਤਾਂ ਸਮਾਜ ਨੂੰ ਮੋੜੇ। ਕਿਸੇ ਸਮਾਜ ਤੋਂ ਅਲੱਗ-ਥਲੱਗ ਹੋ ਕੇ ਤਾਂ ਜੀਵਨ ਸੰਭਵ ਹੀ ਨਹੀ।

ਜਿਹੜੇ ਸਮਾਜ ਵਿੱਚ ਅਸੀਂ ਵਿਚਰਦੇ ਹਾਂ, ਉਸ ਵਿੱਚ ਵੱਖ-ਵੱਖ ਧਰਮਾਂ, ਜਾਤਾਂ, ਰੰਗਾਂ, ਬੋਲੀਆਂ, ਕਿੱਤਿਆਂ, ਸੱਭਿਆਚਾਰਕ ਰਵਾਇਤਾਂ, ਸਮਾਜਿਕ ਰੀਤਾਂ ਦਾ ਬੋਲਬਾਲਾ ਹੈ। ਅਨੇਕਤਾ ਦੇ ਖਿੜੇ ਇਹ ਅਨੇਕਾਂ ਰੰਗਾਂ ਦੇ ਫੁੱਲ, ਇਸ ਦੀ ਆਭਾ ਨੂੰ ਚਾਰ ਚੰਦ ਲਾਉਂਦੇ ਹਨ। ਇਹ ਭਾਰਤ ਦੀ ਵਿਲੱਖਣਤਾ ਤੇ ਖ਼ੂਬਸੂਰਤੀ ਦੇ ਪ੍ਰਤੀਕ ਹਨ। ਇਨ੍ਹਾਂ ਦੀ ਨਿਵੇਕਲੀ ਸੁੰਦਰਤਾ ਨੂੰ ਮਸਲ ਕੇ ਇੱਕੋ ਰੰਗ ਵਿੱਚ ਰੰਗਣ ਦੀ ਪ੍ਰਵਿਰਤੀ ਦੇਸ਼ ਲਈ ਬੇਹੱਦ ਖ਼ਤਰਨਾਕ ਹੈ। ਸੰਸਾਰ 'ਚ ਭਾਰਤ ਆਪਣੀ ਇਸ ਅਨੇਕਤਾ ਰੂਪੀ ਏਕਤਾ ਦੀ ਬਦੌਲਤ ਹੀ ਪਛਾਣਿਆਂ ਜਾਂਦਾ ਹੈ।

ਧਰਮ ਹਰ ਕਿਸੇ ਦਾ ਨਿਜੀ ਮਸਲਾ ਹੈ। ਕੋਈ ਕਿਸੇ ਵੀ ਧਾਰਮਿਕ ਅਸਥਾਨ 'ਤੇ ਜਾਵੇ, ਇਸ ਦਾ ਕਿਸੇ ਦੂਜੇ ਨਾਲ ਕੋਈ ਲੈਣਾ-ਦੇਣਾ ਨਹੀਂ। ਪਰ ਆਪਣੇ ਧਰਮ ਨੂੰ ਮੰਨਦਿਆਂ ਕਿਸੇ ਦੂਜੇ ਦੇ ਧਰਮ ਪ੍ਰਤਿ ਅਪਸ਼ਬਦ ਬੋਲਣੇ ਜਾਂ ਕੋਈ ਵਿਘਨ ਪਾਉਣਾ, ਧਾਰਮਿਕ ਸਹਿਣਸ਼ੀਲਤਾ ਦੀ ਭਾਵਨਾ ਦਾ ਉਲੰਘਣ ਹੈ। ਆਪਣੇ ਧਰਮ ਨੂੰ ਉੱਚਾ ਦੱਸ ਕੇ, ਦੂਜਿਆਂ ਦੇ ਧਰਮ ਨੂੰ ਨਿੰਦਣ ਦੀ ਭਾਵਨਾ ਦਰਸਾਉਂਦੀ ਹੈ ਕਿ ਮਨੁੱਖ, ਧਰਮ ਦੇ ਅਸਲ਼ੀ ਅਰਥਾਂ ਨੂੰ ਵੀ ਚੰਗੀ ਤਰ੍ਹਾਂ ਸਮਝ ਨਹੀਂ ਸਕਿਆ। ਧਰਮ ਦੇ ਨਾਂ 'ਤੇ ਫਿਰਕੂ ਦੰਗੇ, ਲੜਾਈਆਂ ਝਗੜੇ ਤੇ ਨਫ਼ਰਤੀ ਵਿਵਹਾਰ, ਸਮਾਜ ਨੂੰ ਅੱਗ ਦੇ ਹਵਾਲੇ ਕਰਨ ਬਰਾਬਰ ਹੈ। ਧਰਮ ਤਾਂ ਆਪਸੀ ਭਾਈਚਾਰਾ ਸਿਖਾਉਂਦਾ ਹੈ ਤੇ ਸਮਾਜ ਵਿੱਚ ਮੇਲ-ਮਿਲਾਪ ਦੀਆਂ ਤੰਦਾਂ ਨੂੰ ਮਜਬੂਤ ਕਰਨ ਦੀ ਸਿੱਖਿਆ ਦਿੰਦਾ ਹੈ। ਧਰਮ ਦੇ ਨਾਂ 'ਤੇ ਜਿਹੜਾ ਖ਼ੂਨ ਵਹਾਉਣ ਦੇ ਰਾਹ ਤੁਰਿਆ ਹੋਇਆ ਹੈ, ਉਸ ਦੇ ਮਨ ਵਿੱਚ ਹੋਰ ਤਾਂ ਬੇਸ਼ਕ ਕੁੱਝ ਹੋਵੇ, ਪਰ ਇਹ ਧਰਮ ਦੀ ਸਿੱਖਿਆ ਬਿਲਕੁਲ ਨਹੀਂ ਹੈ। ਇਸ ਗੱਲ ਵਿੱਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਇਸ ਦੇਸ਼ ਵਿੱਚ ਫਿਰਕੂਪੁਣੇ ਦੇ ਜ਼ਹਿਰ ਨੇ ਭਾਈਚਾਰਕ ਸਾਂਝਾਂ ਨੂੰ ਡੱਸ ਕੇ ਸਮਾਜ ਨੂੰ ਬੇਹੱਦ ਨੁਕਸਾਨ ਪਹੁੰਚਾਇਆ ਹੈ।

ਇਹ ਬਹੁਤ ਹੀ ਦੁੱਖਦਾਈ ਤੇ ਸ਼ਰਮਸਾਰ ਕਰਨ ਵਾਲਾ ਵਰਤਾਰਾ ਹੈ ਕਿ ਸਾਡੇ ਦੇਸ਼ ਵਿੱਚ ਅਜੋਕੇ ਗਿਆਨ-ਵਿਗਿਆਨ ਦੇ ਸਮਿਆਂ ਵਿੱਚ ਵੀ ਜਾਤਪਾਤ ਤੇ ਵਰਣ-ਵਿਵਸਥਾ ਦਾ ਬੋਲਬਾਲਾ ਹੈ। ਇਹ ਕਿਸੇ ਵੀ ਨਰੋਏ ਸਮਾਜ ਲਈ ਲਾਹਣਤ ਹੈ। ਕਿਸੇ ਮਨੁੱਖ ਵਲੋਂ ਦੂਜੇ ਮਨੁੱਖ ਨਾਲ ਕੇਵਲ ਇਸ ਕਾਰਨ ਹੀ ਨਫ਼ਰਤ ਭਰਿਆ ਵਿਵਹਾਰ ਕੀਤਾ ਜਾਵੇ ਕਿ ਉਹ ਸਮਾਜ ਵਲੋਂ ਗਰਦਾਨੀ ਗਈ ਕਿਸੇ ਅਖੌਤੀ ਨੀਵੀਂ ਜਾਤ ਨਾਲ ਸਬੰਧਿਤ ਹੈ, ਬੇਹੱਦ ਘਿਨਾਉਣਾ ਅਪਰਾਧ ਹੈ। ਸਮਾਜ ਵਿੱਚ ਸਦੀਆਂ ਪਹਿਲਾਂ ਪਾਈਆਂ ਹੋਈਆਂ ਇਨ੍ਹਾਂ ਵੰਡੀਆਂ ਨੂੰ ਅਸੀਂ ਅੱਜ ਵੀ ਮਨਾਂ ਵਿੱਚ ਵਸਾਈ ਬੈਠੇ ਹਾਂ। ਅੱਜ ਵੀ ਕਈ ਜਾਤ ਅਭਿਮਾਨੀ ਜਾਤਾਂ ਦੇ ਨਾਂ 'ਤੇ ਆਪਣੀ ਬਿਮਾਰ ਮਾਨਸਿਕਤਾ ਦਾ ਪ੍ਰਗਟਾਵਾ ਕਰਦੇ ਹਨ। ਅਸੀਂ ਹਰ ਖੇਤਰ ਵਿੱਚ ਤਰੱਕੀ ਦੇ ਵੱਡੇ ਵੱਡੇ ਦਾਅਵੇ ਕਰਦੇ ਨਹੀਂ ਥੱਕਦੇ, ਪਰ ਸਿੱਖਿਆ, ਵਿਗਿਆਨ ਤੇ ਤਕਨਾਲੌਜੀ ਦੇ ਹੈਰਾਨਕੁੰਨ ਵਿਕਾਸ ਦੇ ਬਾਵਜੂਦ ਅਜੇ ਤੱਕ ਬਹੁਤੇ ਭਾਰਤੀਆਂ ਦੇ ਮਨਾਂ ਵਿੱਚੋਂ ਉੱਚੀ ਜਾਤ ਦੇ ਅਭਿਮਾਨ ਦਾ ਕੀੜਾ ਨਹੀਂ ਨਿਕਲਿਆ। ਇਸ ਨਾਲ ਦੁਨੀਆਂ ਭਰ ਵਿੱਚ ਸਾਡੇ ਭਾਰਤ ਨੂੰ ਭੰਡਿਆ ਜਾਂਦਾ ਹੈ।

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਅਸੀਂ ਆਧੁਨਿਕ ਸਮਿਆਂ ਵਿੱਚ ਜੀਅ ਰਹੇ ਹਾਂ। ਬਹੁਤ ਹੱਦ ਤੱਕ ਅਜੋਕਾ ਮਨੁੱਖ ਆਧੁਨਿਕ ਜੀਵਨ-ਜਾਚ ਦੇ ਰਾਹ ਤੁਰ ਕੇ ਜੀਵਨ ਬਸਰ ਕਰ ਰਿਹਾ ਹੈ। ਆਧੁਨਿਕਤਾ ਦੀ ਚਕਾਚੌਂਧ ਵਿੱਚ ਅਸੀਂ ਆਪਣੀਆਂ ਬਹੁਤ ਮੁੱਲਵਾਨ ਸੱਭਿਆਚਾਰਕ ਕਦਰਾਂ-

ਕੀਮਤਾਂ ਨੂੰ ਤਿਆਗਣ ਦੇ ਰਾਹ ਤੁਰੇ ਹੋਏ ਹਾਂ। ਗੁਰੂ ਸਾਹਿਬਾਨ ਨੇ ਸਾਨੂੰ ਸਭ ਪ੍ਰਕਾਰ ਦੇ ਵਿਤਕਰਿਆਂ ਤੋਂ ਉੱਪਰ ਉੱਠ ਕੇ ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦੀ ਸਿੱਖਿਆ ਦਿੱਤੀ ਹੈ। ਔਰਤ ਪ੍ਰਤਿ ਵੀ ਸਮਾਜ ਦੀ ਮਾਨਸਿਕਤਾ ਅਜੇ ਪੂਰੀ ਤਰ੍ਹਾਂ ਬਦਲੀ ਨਹੀਂ ਹੈ। ਅੱਜ ਵੀ ਬਾਲੜੀਆਂ/ਕੁੜੀਆਂ/ਔਰਤਾਂ ਸਮਾਜ ਵਿੱਚ ਸੁਰੱਖਿਅਤ ਨਹੀਂ ਹਨ। ਨਿੱਤ ਦਿਨ ਛੇੜਛਾੜ, ਬੋਲ-ਕੁਬੋਲ ਤੇ ਜਬਰ-ਜਨਾਹ ਦੀਆਂ ਦੁੱਖਦਾਈ ਘਟਨਾਵਾਂ ਸਮਾਜ ਦੇ ਮੱਥੇ 'ਤੇ ਬਦਨੁਮਾ ਦਾਗ਼ ਬਣੀਆਂ ਹੋਈਆਂ ਹਨ। ਜੇ ਅਸੀਂ ਆਪਣੇ ਧਰਮ ਤੇ ਸੱਭਿਆਚਾਰ ਦੇ ਨਰੋਏ ਆਦਰਸ਼ਾਂ ਨੂੰ ਅਪਣਾਇਆ ਹੁੰਦਾ ਤਾਂ ਅਜਿਹੀ ਹਾਲਤ ਨਹੀਂ ਬਣਨੀ ਸੀ। ਕੁੜੀਆਂ/ਔਰਤਾਂ ਨੇ ਆਪਣੀ ਮਿਹਨਤ, ਸਿਰੜ ਤੇ ਸੂਝਬੂਝ ਦੀ ਬਦੌਲਤ ਹਰ ਖੇਤਰ ਵਿੱਚ ਹੀ ਗੂੜ੍ਹੀਆਂ ਪੈੜਾਂ ਪਾਈਆਂ ਹਨ। ਇਸ ਦੇ ਬਾਵਜੂਦ ਸਮਾਜ ਦੀ ਹੈਂਕੜਭਰੀ ਮਰਦ-ਪ੍ਰਧਾਨ ਮਾਨਸਿਕਤਾ ਅਜੇ ਬਹੁਤੀ ਨਹੀਂ ਬਦਲੀ।

ਨਰੋਈਆਂ ਕਦਰਾਂ-ਕੀਮਤਾਂ ਅਪਣਾ ਕੇ ਹੀ ਨਰੋਏ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਕਿਸੇ ਵਲੋਂ ਪਾਈ ਗਈ ਨਵੀਂ ਤੇ ਨਿਵੇਕਲੀ ਪਿਰਤ, ਦੂਜੇ ਲੋਕਾਂ ਲਈ ਰਾਹ-ਦਸੇਰਾ ਬਣਦੀ ਹੈ। ਅਕਸਰ ਹੀ ਅਮੀਰ ਤੇ ਦੌਲਤਮੰਦ ਲੋਕ ਦਿਖਾਵਾ ਤੇ ਆਪਣੀ ਸਮਾਜਿਕ ਪੈਂਠ ਬਣਾਉਣ ਲਈ ਵਿਆਹਾਂ-ਸ਼ਾਦੀਆਂ ਤੇ ਹੋਰ ਸਮਾਗਮਾਂ ਵਿੱਚ ਪੈਸਾ ਪਾਣੀ ਵਾਂਗ ਵਹਾਉਂਦੇ ਹਨ। ਇਸ ਨਾਲ ਸਮਾਜ ਵਿੱਚ ਗਲਤ ਪਿਰਤਾਂ ਪੈ ਜਾਂਦੀਆਂ ਹਨ, ਜਿਸ ਨਾਲ ਪੂਰਾ ਸਮਾਜ ਪ੍ਰਭਾਵਿਤ ਹੁੰਦਾ ਹੈ। ਕੁੱਝ ਲੋਕ ਕੇਵਲ ਸਮਾਜਿਕ ਨੱਕ-ਨਮੂਜ ਦੀ ਖ਼ਾਤਰ ਕਰਜ਼ਾ ਚੁੱਕ ਕੇ ਮਜਬੂਰੀ-ਵੱਸ ਅਜਿਹੇ ਸਮਾਗਮ ਕਰਾਉਣ ਦੇ ਰਾਹ ਤੁਰ ਪੈਂਦੇ ਹਨ। ਦਿਖਾਵੇ ਦੀ ਇੱਕ ਤਰ੍ਹਾਂ ਹੋੜ ਲੱਗੀ ਹੋਈ ਹੈ। ਸਾਡੇ ਜੀਵਨ ਵਿੱਚੋਂ ਸਾਦਗੀ, ਸਹਿਜਤਾ ਤੇ ਸੁਹਿਰਦਤਾ ਦੇ ਅਲੋਪ ਹੋਣ ਨਾਲ ਸਮਾਜ ਦੀ ਦਿਸ਼ਾ ਬਦਲ ਗਈ ਹੈ। ਸਮਾਜ ਦੀ ਨਿੱਘਰ ਰਹੀ ਦਸ਼ਾ ਬਾਰੇ ਬਹੁਤ ਰੌਲਾ-ਰੱਪਾ ਪੈਂਦਾ ਹੈ। ਇੱਕ-ਦੂਜੇ ਨੂੰ ਦੋਸ਼ੀ ਦਰਸਾ ਕੇ ਅਸੀਂ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਹੋ ਜਾਂਦੇ ਹਾਂ। ਹਾਲਾਂਕਿ ਜੇ ਹਰ ਮਨੁੱਖ ਆਪਣੀ ਜ਼ਿੰਮੇਵਾਰੀ ਪ੍ਰਤਿ ਸੁਚੇਤ ਹੋਵੇ ਤਾਂ ਬਹੁਤ ਕੁੱਝ ਬਦਲਿਆ ਜਾ ਸਕਦਾ ਹੈ। ਸਦੀਆਂ ਤੋਂ ਲੋਕਾਂ ਦੇ ਸੁਭਾਅ ਦਾ ਹਿੱਸਾ ਬਣ ਚੁੱਕੀਆਂ ਪਿਰਤਾਂ ਨੂੰ ਬਦਲਣਾ ਬਹੁਤ ਔਖਾ ਹੁੰਦਾ ਹੈ। ਪਰ ਜੇਕਰ ਕੋਈ ਨਵੀਆਂ ਲੀਹਾਂ ਪਾਉਣ ਦਾ ਯਤਨ ਕਰੇ ਤਾਂ ਉਸ ਦੇ ਕਦਮਾਂ ਨਾਲ ਕਦਮ ਮਿਲਾ ਕੇ ਹੁੰਗਾਰਾ ਭਰਿਆਂ ਸਮਾਜ ਨੂੰ ਨਵੀਂ ਦਿਸ਼ਾ ਦਿੱਤੀ ਜਾ ਸਕਦੀ ਹੈ। ਸਮਾਜ ਵਿੱਚ ਪ੍ਰਚੱਲਿਤ ਬਹੁਤ ਸਾਰੀਆਂ ਦੱਕਿਆਨੂਸੀ ਤੇ ਵੇਲਾ ਵਿਹਾ ਚੁੱਕੀਆਂ ਰਸਮਾਂ-ਰੀਤਾਂ ਨੂੰ ਬਦਲ ਕੇ, ਨਵੀਆਂ ਤੇ ਨਰੋਈਆਂ ਪੈੜਾਂ ਸਿਰਜਣੀਆਂ ਅਜੋਕੇ ਸਮੇਂ ਦੀ ਵੱਡੀ ਲੋੜ ਹੈ। ਬਹੁਤੇ ਲੋਕ ਬਣੇ-ਬਣਾਏ ਰਾਹਾਂ 'ਤੇ ਹੀ ਤੁਰਦੇ ਜੀਵਨ ਤੋਂ ਰੁਖ਼ਸਤ ਹੋ ਜਾਂਦੇ ਹਨ, ਪਰ ਕਿਸੇ ਨੂੰ ਤਾਂ ਨਵੀਆਂ ਪੈੜਾਂ ਸਿਰਜਣੀਆਂ ਹੀ ਪੈਣੀਆਂ।

## ਪੰਜਾਬ ਦੀ ਧੀ ਬਣੀ ਵਿਸ਼ਵ ਚੈਂਪੀਅਨ

ਪੰਜਾਬ ਦੇ ਜ਼ਿਲ੍ਹਾ ਮਾਨਸਾ ਦੇ ਪਿੰਡ ਮੰਢਾਲੀ ਵਿਖੇ ਨਿਮਨ ਮੱਧਵਰਗੀ ਪਰਿਵਾਰ ਵਿੱਚ 11 ਅਪ੍ਰੈਲ, 2005 ਨੂੰ ਜਨਮੀ ਪ੍ਰਨੀਤ ਕੌਰ ਨੇ ਅਗਸਤ, 2023 ਵਿੱਚ ਬਰਲਿਨ (ਜਰਮਨੀ) ਵਿਖੇ ਹੋਈ ਵਿਸ਼ਵ ਤੀਰ ਅੰਦਾਜ਼ੀ ਵਿੱਚ 92 ਸਾਲ ਬਾਅਦ ਭਾਰਤ ਲਈ ਸੋਨੇ ਦਾ ਤਮਗਾ ਜਿੱਤ ਕੇ ਸੁਨਹਿਰੀ ਇਤਿਹਾਸ ਸਿਰਜਿਆ ਹੈ। ਅਗਸਤ, 2023 ਵਿੱਚ ਹੀ ਉਸ ਨੇ ਪੈਰਿਸ ਵਿਖੇ ਤੀਰਅੰਦਾਜ਼ੀ ਦਾ ਵਿਸ਼ਵ ਕੱਪ ਜਿੱਤਿਆ ਹੈ। ਉਸ ਨੇ 5ਵੀਂ ਜਮਾਤ ਵਿੱਚ ਪੜ੍ਹਦਿਆਂ ਹੀ ਲੱਕੜ ਦੇ ਤੀਰ ਕਮਾਨ ਨਾਲ ਖੇਡਣਾ ਸ਼ੁਰੂ ਕਰ ਦਿੱਤਾ ਸੀ। ਉਹ ਇਸ ਸਮੇਂ ਖ਼ਾਲਸਾ ਕਾਲਜ ਪਟਿਆਲਾ ਵਿੱਚ ਬੀ.ਏ. ਭਾਗ ਪਹਿਲਾ ਦੀ ਵਿਦਿਆਰਥਣ ਹੈ। ਪ੍ਰਨੀਤ ਕੌਰ 2018 ਤੋਂ ਹੁਣ ਤੱਕ ਰਾਜ, ਰਾਸ਼ਟਰੀ, ਅਤੇ ਭਿੰਨ ਭਿੰਨ ਦੇਸ਼ਾਂ ਵਿੱਚ ਹੋਏ ਏਸ਼ੀਆਈ ਅਤੇ ਵਿਸ਼ਵ ਤੀਰਅੰਦਾਜ਼ੀ ਮੁਕਾਬਲਿਆਂ ਵਿੱਚ ਭਾਗ ਲੈ ਕੇ 16 ਅੰਤਰਰਾਸ਼ਟਰੀ, 13 ਰਾਸ਼ਟਰੀ ਤਮਗਿਆਂ ਸਮੇਤ 2 ਵਾਰ ਵਿਸ਼ਵ ਰਿਕਾਰਡ ਬਣਾ ਚੁੱਕੀ ਹੈ। ਪ੍ਰਨੀਤ ਕੌਰ ਨੇ ਸਿੱਧ ਕਰ ਦਿੱਤਾ ਹੈ ਕਿ ਜੇਕਰ ਧੀਆਂ ਨੂੰ ਅੰਬਰਾਂ ਵਿੱਚ ਖੁਲ੍ਹੀ ਪਰਵਾਜ਼ ਦਾ ਮੌਕਾ ਅਤੇ ਮਾਹੌਲ ਦਿੱਤਾ ਜਾਵੇ ਤਾਂ ਉਹ ਆਪਣੇ ਮਾਪਿਆਂ, ਭਾਈਚਾਰੇ ਅਤੇ ਦੇਸ਼ ਨਾ ਨਾਂਅ ਰੁਸ਼ਨਾਉਣ ਦੀ ਪ੍ਰਤਿਭਾ ਰਖਦੀਆਂ ਹਨ।



✻ ✻ ✻ ✻ ✻

## ਵਧਾਈ

ਨਿਊਜ਼ੀਲੈਂਡ ਦੇ ਸ਼ਹਿਰ ਆਕਲੈਂਡ ਦੇ ਵਸਨੀਕ ਸ.ਪੂਰਨ ਸਿੰਘ ਸੈਣੀ ਅਤੇ ਪਰਮਜੀਤ ਕੌਰ ਦੀ ਪੁੱਤਰੀ ਅੰਮ੍ਰਿਤ ਕੌਰ ਨੇ ਉਸ ਦੇਸ਼ ਵਿੱਚ ਬੈਰਿਸਟਰ ਦੀ ਪੱਦਵੀ ਹਾਸਲ ਕਰ ਕੇ ਪਰਿਵਾਰ ਅਤੇ ਬਰਾਦਰੀ ਦਾ ਨਾਮ ਉੱਚਾ ਕੀਤਾ ਹੈ। ਵਰਣਨਯੋਗ ਹੈ ਕਿ ਇਹ ਪਰਿਵਾਰ ਉੱਘੇ ਸਮਾਜਸੇਵੀ ਸੰਤ ਸੇਵਾ ਸਿੰਘ ਅਨੰਦਗੜ੍ਹ ਵਾਲਿਆਂ ਨਾਲ ਸਬੰਧਿਤ ਹੈ ਅਤੇ ਕੁੱਝ ਸਾਲ ਪਹਿਲਾਂ ਹੀ ਨਿਊਜ਼ੀਲੈਂਡ ਜਾ ਕੇ ਵਸਿਆ ਹੈ। ਗੁਰਸਿੱਖੀ ਨੂੰ ਸਮਰਪਿਤ ਇਹ ਪਰਿਵਾਰ ਸੈਣੀ ਭਵਨ ਰੂਪਨਗਰ ਦਾ ਹਿਤੈਸ਼ੀ ਹੈ ਅਤੇ ਸਮੇਂ ਸਮੇਂ ਇਸ ਦੀ ਮਾਇਕ ਸਹਾਇਤਾ ਕਰਦਾ ਰਹਿੰਦਾ ਹੈ। ਪਰਮਾਤਮਾ ਇਸ ਬੱਚੀ ਨੂੰ ਹੋਰ ਬੁਲੰਦੀਆਂ ਬਖਸ਼ੇ।



✻ ✻ ✻ ✻ ✻

ਭਖਦੀ ਸਮੱਸਿਆ



# ਖਾਲੀ ਹੋ ਰਿਹਾ ਪੰਜਾਬ

ਸੰਜੀਵ ਸਿੰਘ ਸੈਣੀ
ਡੇਰਾਬਸੀ

ਵਿਦੇਸ਼ ਜਾਣ ਵਾਲੇ ਭਾਰਤੀ ਲੋਕਾਂ ਦੀ ਗਿਣਤੀ ਦਿਨੋਂ ਦਿਨ ਵਧ ਰਹੀ ਹੈ। ਵਿਦੇਸ਼ ਮੰਤਰਾਲੇ ਮੁਤਾਬਕ 2022 ਵਿੱਚ ਕਰੀਬ 1.89 ਲੋਕਾਂ ਨੇ ਭਾਰਤ ਦੀ ਨਾਗਰਿਕਤਾ ਛੱਡ ਦਿੱਤੀ ਹੈ। ਪੰਜਾਬ ਦਾ ਨੌਜਵਾਨ ਵਿਦੇਸ਼ਾਂ ਨੂੰ ਉਡਾਰੀ ਮਾਰ ਰਿਹਾ ਹੈ। ਪੰਜਾਬ ਵਿੱਚ ਹਰ ਸਾਲ ਵਿਦੇਸ਼ਾਂ ਲਈ ਪੜ੍ਹਾਈ ਕਰਨ ਲਈ ਨੌਜਵਾਨ 27 ਹਜ਼ਾਰ ਕਰੋੜ ਰੁਪਏ ਖ਼ਰਚ ਕਰ ਰਹੇ ਹਨ। ਇਹ ਬਹੁਤ ਹੀ ਚਿੰਤਾ ਵਾਲੀ ਗੱਲ ਹੈ। ਪਾਸਪੋਰਟ ਦਫ਼ਤਰਾਂ ਦੇ ਬਾਹਰ ਨੌਜਵਾਨਾਂ ਦੀਆਂ ਲੰਮੀਆਂ ਲੰਮੀਆਂ ਕਤਾਰਾਂ ਆਮ ਦੇਖਣ ਨੂੰ ਮਿਲਦੀਆਂ ਹਨ। ਮਾਂ ਬਾਪ ਕਰਜ਼ਈ ਹੋ ਕੇ ਆਪਣੀ ਨੌਜਵਾਨ ਪੀੜ੍ਹੀ ਨੂੰ ਵਿਦੇਸ਼ਾਂ ਵਿੱਚ ਭੇਜ ਰਹੇ ਹਨ। ਕੋਈ ਸਮਾਂ ਸੀ ਜਦੋਂ ਸਰਕਾਰੀ ਮੁਲਾਜ਼ਮ ਹੀ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਪੜ੍ਹਾਈ ਲਈ ਭੇਜਦੇ ਸਨ। ਵਿਦੇਸ਼ੀ ਪੜ੍ਹਾਈ ਕਰ ਕੇ ਫਿਰ ਉਹ ਵਾਪਸ ਪੰਜਾਬ ਆ ਕੇ ਆਪਣੀ ਧਰਤੀ 'ਤੇ ਹੀ ਨੌਕਰੀ ਕਰਦੇ ਸਨ। ਪਰ ਅੱਜ ਜੇ ਕੋਈ ਬੱਚਾ ਵਿਦੇਸ਼ ਚਲਾ ਗਿਆ, ਉਹ ਮੁੜ ਕੇ ਪੰਜਾਬ ਨਹੀਂ ਆਉਂਦਾ। ਜ਼ਮੀਨਾਂ ਗਹਿਣੇ ਰੱਖ ਕੇ ਜਾਂ ਵੇਚ ਕੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ। ਜੋ ਖੇਤੀ ਯੋਗ ਜ਼ਮੀਨ ਦਾ ਰੇਟ 35 ਤੋਂ 40 ਲੱਖ ਰੁਪਏ ਪ੍ਰਤਿ ਕਿੱਲਾ ਸੀ ਉਹ 20 ਲੱਖ ਰੁਪਏ ਵਿੱਚ ਵਿਕ ਰਿਹਾ ਹੈ।

ਬੇਰੁਜ਼ਗਾਰੀ ਬਹੁਤ ਵਧ ਚੁੱਕੀ ਹੈ। ਜਦੋਂ ਕਰੋਨਾ ਮਹਾਂਮਾਰੀ ਨੇ ਭਾਰਤ ਵਿੱਚ ਦਸਤਕ ਦਿੱਤੀ ਤਾਂ ਤਾਲਾਬੰਦੀ ਕਰ ਦਿੱਤੀ ਗਈ। ਲੱਖਾਂ ਹੀ ਲੋਕਾਂ ਦਾ ਰੁਜ਼ਗਾਰ ਖੁਸ ਗਿਆ। ਅਜੇ ਤੱਕ ਵੀ ਗੱਡੀ ਲੀਹ 'ਤੇ ਨਹੀਂ ਆਈ। ਸੀਮਿਤ ਲੋਕਾਂ ਨੂੰ ਹੀ ਰੁਜ਼ਗਾਰ ਮਿਲਿਆ ਹੈ। ਮਾਂਬਾਪ ਕੋਲ ਵੀ ਕੋਈ ਚਾਰਾ ਨਹੀਂ। ਥੱਕੇ ਹਾਰੇ ਮਾਂ ਬਾਪ ਫਿਰ ਔਲਾਦ ਨੂੰ ਆਇਲੈਟਸ ਦੀ ਤਿਆਰੀ ਕਰਵਾਉਂਦੇ ਹਨ। ਫਿਰ ਜਦੋਂ ਵਧੀਆ ਬੈਂਡ ਆ ਜਾਂਦੇ ਹਨ ਤਾਂ ਬਾਪ ਪੈਸੇ ਦਾ ਹੀਲਾ ਵਸੀਲਾ ਕਰਨਾ ਸ਼ੁਰੂ ਕਰ ਦਿੰਦਾ ਹੈ। ਉਹ ਰਿਸ਼ਤੇਦਾਰਾਂ ਅਤੇ ਸਕੇ ਸਬੰਧੀਆਂ ਤੋਂ ਆਸ ਰਖਦਾ ਹੈ। ਜਦੋਂ ਉਹ ਵੀ ਹੱਥ ਖੜ੍ਹੇ ਕਰ ਦਿੰਦੇ ਹਨ ਤਾਂ ਆਪਣੀ ਜ਼ਮੀਨ ਨੂੰ ਗਹਿਣੇ ਰੱਖ ਦਿੰਦਾ ਹੈ ਜਾਂ ਬੈਂਕ ਤੋਂ ਕਰਜ਼ਾ ਲੈਂਦਾ ਹੈ। ਜਦੋਂ ਕਰਜ਼ੇ ਦੀਆਂ ਕਿਸ਼ਤਾਂ ਸਮੇਂ ਸਿਰ ਨਹੀਂ ਦਿੱਤੀਆਂ ਜਾਂਦੀਆਂ ਤਾਂ ਉਹੀ ਬਾਪ ਖੁਦਕੁਸ਼ੀ ਕਰ ਲੈਂਦਾ ਹੈ। ਅੱਜ ਕੱਲ੍ਹ ਜੋ ਵਿਦੇਸ਼ ਚਲੇ ਜਾਂਦਾ ਹੈ ਉਹ ਵਾਪਸ ਨਹੀਂ ਆਉਂਦਾ। ਸਿਰਫ਼ ਯਾਦਾਂ ਹੀ ਰਹਿ ਜਾਂਦੀਆਂ ਹਨ। ਪਿੱਛੋਂ ਮਾਵਾਂ ਦੀਆਂ ਅੱਖਾਂ ਆਪਣੇ ਲਾਲ ਨੂੰ ਦੇਖਣ ਨੂੰ ਤਰਸਦੀਆਂ ਰਹਿੰਦੀਆਂ ਹਨ। ਕਈ ਵਾਰ ਤਾਂ ਅਸੀਂ ਸੁਣਦੇ ਹਾਂ ਕਿ ਮਾਤਾ ਪਿਤਾ ਪਿੱਛੋਂ ਇਸ ਸੰਸਾਰ ਤੋਂ ਰੁਖਸਤ ਹੋ ਜਾਂਦੇ ਹਨ। ਪੁੱਤ ਵਿਦੇਸ਼ ਤੋਂ ਫਿਰ ਵੀ ਨਹੀਂ ਆਉਂਦਾ। ਭਾਈਚਾਰਾ ਹੀ ਮਾਂਬਾਪ ਦੀ ਅੰਤਿਮ ਰਸਮਾਂ ਨਿਭਾਉਂਦਾ ਹੈ।

ਹੁਣ ਤਾਂ ਵੱਡੇ ਵੱਡੇ ਬਿਜ਼ਨਸ ਮੈਨ ਜਿਨ੍ਹਾਂ ਦੇ ਚੰਗੇ ਆਮਦਨ ਦੇ ਵਸੀਲੇ ਹਨ ਉਹ ਵੀ ਪੰਜਾਬ ਦੀ ਧਰਤੀ ਨੂੰ ਛੱਡਣ ਲਈ ਕਾਹਲੇ ਹਨ। ਪਿੱਛੇ ਜਿਹੇ ਪੰਜਾਬ ਵਿੱਚ ਅਜਿਹੀਆਂ ਵਾਰਦਾਤਾਂ ਹੋਈਆਂਜਿਸ ਕਾਰਨ ਲੋਕਾਂ ਦੇ ਮਨ ਵਿੱਚ ਡਰ ਦਾ ਮਾਹੌਲ ਹੈ। ਵਪਾਰੀਆਂ ਤੋਂ ਫਿਰੌਤੀ ਮੰਗੀ ਜਾ ਰਹੀ ਹੈ। ਅਪਰਾਧਿਕ ਘਟਨਾਵਾਂ ਬਹੁਤ ਵਧ ਗਈਆਂ ਹਨ। ਹੁਣ ਲੋਕ ਜ਼ਮੀਨ ਜਾਇਦਾਦ, ਘਰ ਬਾਰ ਵੇਚ ਕੇ ਪਰਿਵਾਰ ਸਮੇਤ ਵਿਦੇਸ਼ਾਂ ਵਿੱਚ ਵਸਣ ਜਾ ਰਹੇ ਹਨ। ਸੂਬੇ ਅੰਦਰ ਅਪਰਾਧੀਆਂ, ਲੁਟੇਰਿਆਂ ਖ਼ਾਸ ਤੌਰ 'ਤੇ ਗੈਂਗਸਟਰਾਂ ਵਲੋਂ ਫਿਰੌਤੀ ਮੰਗਣਾ ਵਰਗੀਆਂ ਵਾਰਦਾਤਾਂ ਦਾ ਵਧਣਾ ਕਾਨੂੰਨ ਵਿਵਸਥਾ ਲਈ ਠੀਕ ਨਹੀਂ ਹੈ। ਮਜ਼ਬੂਰੀ ਵਸ ਲੋਕ ਆਪਣੇ ਬੱਚਿਆਂ ਨੂੰ ਬਾਰ੍ਹਵੀਂ ਤੋਂ ਬਾਅਦ ਵਿਦੇਸ਼ ਭੇਜ ਰਹੇ ਹਨ। ਵਿਦੇਸ਼ ਜਾਣ ਦਾ ਮੁੱਖ ਕਾਰਨ ਨਸ਼ੇ ਤੇ ਬੇਰੁਜ਼ਗਾਰੀ ਹੈ। ਬੇਰੁਜ਼ਗਾਰੀ ਇੰਨੀ ਵਧ ਚੁੱਕੀ ਹੈ ਕਿ ਪੜ੍ਹੇ ਲਿਖੇ ਨੌਜਵਾਨ ਹੱਥਾਂ ਵਿੱਚ ਡਿਗਰੀਆਂ ਫੜੀ ਧੱਕੇ ਖਾ ਰਹੇ ਹਨ। ਹਾਲ ਹੀ ਤਾਜ਼ਾ ਸਰਵੇ ਮੁਤਾਬਕ 70 ਲੱਖ ਤੋਂ ਵਧੇਰੇ ਲੋਕਾਂ ਕੋਲ ਪਾਸਪੋਰਟ ਹੈ। ਨਸ਼ਾ ਪੰਜਾਬ ਦੀ ਜਵਾਨੀ ਨੂੰ ਖ਼ਤਮ ਕਰ ਰਿਹਾ ਹੈ। ਨਸ਼ੇ ਦੇ ਡਰੋਂ ਮਾਂਬਾਪ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ। ਇਹ ਵੀ ਪ੍ਰਵਾਸ ਦਾ ਬਹੁਤ ਵੱਡਾ ਕਾਰਨ ਹੈ।

ਪਿੱਛੇ ਜਿਹੇ ਖ਼ਬਰ ਸੀ ਕਿ ਮੋਗਾ ਜ਼ਿਲ੍ਹੇ ਵਿੱਚ ਇੱਕ ਏਜੰਟ ਲੋਕਾਂ ਨਾਲ ਕਰੋੜਾਂ ਰੁਪਏ ਦੀ ਠਗੀ ਮਾਰ ਕੇ ਫਰਾਰ ਹੋ ਗਿਆ ਹੈ। ਏਜੰਟਾਂ ਦੀਆਂ ਮਿੱਠੀਆਂ ਮਿੱਠੀਆਂ ਗੱਲਾਂ ਵਿੱਚ ਆ ਕੇ ਪਤਾ ਨਹੀਂ ਕਿੰਨੇ ਕੁ ਪਰਿਵਾਰ ਆਪਣਾ ਘਰ ਲੁਟਾ ਚੁੱਕੇ ਹਨ। ਆਮ ਸੁਣਨ ਵਿੱਚ ਆਉਂਦਾ ਹੈ ਕਿ ਵਿਦਿਆਰਥੀ ਜਿਸ ਦੇਸ਼ ਵਿੱਚ ਜਾਣਾ ਚਾਹੁੰਦੇ ਹਨ ਇਹ ਏਜੰਟ ਝੂਠ ਬੋਲ ਕੇ ਉਨ੍ਹਾਂ ਨੂੰ ਹੋਰ ਦੇਸ਼ ਵਿੱਚ ਭੇਜ ਦਿੰਦੇ ਹਨ। ਕਹਿੰਦੇ ਇਹ ਹਨ ਕਿ ਜਦੋਂ ਤੂੰ ਉੱਥੇ ਪਹੁੰਚੇਗਾ ਤਾਂ ਫਲਾਣਾ ਬੰਦਾ ਤੈਨੂੰ ਅੱਗੇ ਭੇਜੇਗਾ। ਇਸ ਤਰ੍ਹਾਂ ਦੋ ਨੰਬਰ ਵਿੱਚ ਵਿਦੇਸ਼ ਜਾਣ ਕਾਰਨ ਕਈ ਵਿਦਿਆਰਥੀ ਉੱਥੇ ਜੇਲ੍ਹਾਂ ਵਿੱਚ ਹਨ। ਕਈ ਉੱਥੇ ਖੱਜਲ ਖੁਆਰ ਹੋ ਕੇ ਖਾਲੀ ਹੱਥ ਆਪਣੇ ਵਾਪਸ ਆ ਜਾਂਦੇ ਹਨ। ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਦੇ ਲਾਲਚ 'ਚ ਕਈ ਪਰਿਵਾਰ ਲੱਖਾਂ ਰੁਪਏ ਏਜੰਟਾਂ ਕੋਲ ਫਸਾ ਲੈਂਦੇ ਹਨ। ਇੱਥੋਂ ਤੱਕ ਕਿ ਆਪਣੀ ਜ਼ਮੀਨ ਵੀ ਗਹਿਣੇ ਰੱਖ ਦਿੰਦੇ ਹਨ।

ਅੱਜ ਕੱਲ੍ਹ ਮਾਂਬਾਪ ਆਪਣੇ ਪੁੱਤਰ ਲਈ ਆਈਲੈਟਸ ਪਾਸ ਕੁੜੀ ਲੱਭਦੇ ਹਨ। ਫਿਰ ਉਸ ਕੁੜੀ 'ਤੇ 25-30 ਲੱਖ ਰੁਪਏ ਖਰਚ ਕੇ ਉਸ ਨੂੰ ਵਿਦੇਸ਼ ਭੇਜਦੇ ਹਨ। ਉਨ੍ਹਾਂ ਨੂੰ

ਉਮੀਦ ਹੁੰਦੀ ਹੈ ਕਿ ਉਨ੍ਹਾਂ ਦੀ ਨੂੰਹ ਉੱਥੇ ਜਾ ਕੇ ਉਨ੍ਹਾਂ ਦੇ ਬੇਟੇ ਨੂੰ ਸੱਦ ਲਵੇਗੀ। ਪਰ ਕਈ ਵਾਰ ਕੁੜੀ ਉੱਥੇ ਜਾ ਕੇ ਕਿਸੇ ਹੋਰ ਨੌਜਵਾਨ ਨੂੰ ਪਿਆਰ ਕਰਨਾ ਸ਼ੁਰੂ ਕਰ ਦਿੰਦੀ ਹੈ। ਜਿਨ੍ਹਾਂ ਨੇ ਪੈਸਾ ਲਗਾ ਕੇ ਵਿਦੇਸ਼ ਭੇਜਿਆ ਉਨ੍ਹਾਂ ਨੂੰ ਟਲਮਟੋਲ ਕਰਦੀ ਰਹਿੰਦੀ ਹੈ। ਫਿਰ ਉਹ ਮੁੰਡਾ ਪੰਜਾਬ ਵਿੱਚ ਖੁਦਕੁਸ਼ੀ ਕਰ ਲੈਂਦਾ ਹੈ।

ਪਿੱਛੇ ਜਿਹੇ ਖ਼ਬਰ ਆਈ ਕਿ ਅਮਰੀਕਾ ਵਿੱਚ ਲਾਵਾਰਸ ਛੱਡੇ ਟਰਾਲੇ ਵਿੱਚ 50 ਪ੍ਰਵਾਸੀਆਂ ਦੀ ਮੌਤ ਹੋ ਗਈ। ਇਹ ਮੈਕਸੀਕੋ ਤੋਂ ਨਜ਼ਾਇਜ ਤੌਰ 'ਤੇ ਅਮਰੀਕਾ ਜਾ ਰਹੇ ਸਨ। ਜ਼ਿਆਦਾ ਗਰਮੀ ਹੋਣ ਕਾਰਨ ਇਨ੍ਹਾਂ ਪ੍ਰਵਾਸੀਆਂ ਦੀ ਮੌਤ ਹੋ ਗਈ ਤੇ ਕਈ ਜੇਰੇ ਇਲਾਜ ਹਨ। ਇਹ ਕੋਈ ਪਹਿਲੀ ਘਟਨਾ ਨਹੀਂ ਸੀ। ਅਮਰੀਕਾ ਦੀ ਸਰਹੱਦ ਪਾਰ ਕਰਦੇ ਹੋਏ ਕਈ ਵਾਰ ਪ੍ਰਵਾਸੀਆਂ ਨੇ ਆਪਣੀ ਜਾਨ ਗੁਆਈ ਹੈ। ਉਹ ਸਮਾਂ ਦੂਰ ਨਹੀਂ ਜਦੋਂ ਹੋਰ ਸੂਬਿਆਂ ਦੇ ਨੌਜਵਾਨ ਪ੍ਰਵਾਸੀ ਇੱਥੇ ਆ ਕੇ ਪੜ੍ਹਾਈ ਕਰਨਗੇ ਤੇ ਸਾਡੇ ਉੱਪਰ ਰੋਹਬ ਪਾਉਣਗੇ। ਉਨ੍ਹਾਂ ਦੇ ਹੱਥਾਂ ਵਿੱਚ ਪੂਰੀ ਮਾਲਕੀ ਆ ਜਾਵੇਗੀ। ਅਸੀਂ ਉਨ੍ਹਾਂ ਦੇ ਗੁਲਾਮ ਬਣ ਕੇ ਰਹਿ ਜਾਵਾਂਗੇ। ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਨਾਲ ਮਿਲ ਕੇ ਪੰਜਾਬ 'ਚ ਹੀ ਵਧੀਆ ਸਨਅਤੀ ਨੀਤੀ ਬਣਾਉਣੀ ਚਾਹੀਦੀ ਹੈ ਤਾਂ ਕਿ ਵੱਧ ਤੋਂ ਵੱਧ ਨੌਜਵਾਨਾਂ ਨੂੰ ਆਪਣੀ ਯੋਗਤਾ ਦੇ ਮੁਤਾਬਕ ਰੁਜ਼ਗਾਰ ਮਿਲ ਸਕੇ। ਫਿਰ ਵਿਦੇਸ਼ ਜਾਣ ਦੀ ਲੋੜ ਨਹੀਂ ਰਹੇਗੀ।

❋ ❋ ❋ ❋ ❋

## ਵਿਸ਼ਵ ਐਥਲੈਟਿਕਸ ਦਾ ਪਹਿਲਾ ਭਾਰਤੀ ਚੈਂਪੀਅਨ



ਹਰਿਆਣਾ ਰਾਜ ਵਿੱਚ ਪਾਣੀਪਤ ਜ਼ਿਲ੍ਹੇ ਦੇ ਪਿੰਡ ਦੇ ਜੰਮਪਲ ਓਲੰਪਿਕ ਚੈਂਪੀਅਨ ਨੀਰਜ ਚੋਪੜਾ ਨੇ 28 ਅਗਸਤ, 2023 ਨੂੰ ਬੁਡਾਪੇਸਟ ਵਿਖੇ ਹੋਈ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਸਮੇਂ ਨੇਜ਼ਾ ਸੁੱਟਣ ਦੇ ਮੁਕਾਬਲੇ ਵਿੱਚ ਸੋਨ ਤਮਗਾ ਜਿੱਤ ਕੇ ਇਤਿਹਾਸ ਸਿਰਜਿਆ ਹੈ। ਉਸ ਨੇ ਪੁਰਸ਼ਾਂ ਦੇ ਮੁਕਾਬਲੇ ਵਿੱਚ 88.17 ਮੀਟਰ ਥਰੋਅ ਨਾਲ ਇਹ ਖਿਤਾਬ ਆਪਣੇ ਨਾਮ ਕੀਤਾ ਹੈ। ਨੀਰਜ ਚੋਪੜਾ, ਨਿਸ਼ਾਨੇਬਾਜ਼ ਅਭਿਨਵ ਬਿੰਦਰਾ ਮਗਰੋਂ ਇੱਕੋ ਸਮੇਂ ਓਲੰਪਿਕ ਅਤੇ ਵਿਸ਼ਵ ਚੈਂਪੀਅਨ ਬਣਨ ਵਾਲਾ ਦੂਜਾ ਖਿਡਾਰੀ ਬਣ ਗਿਆ ਹੈ। ਉਸ ਨੇ 2021 ਦੀਆਂ ਟੋਕੀਓ ਓਲੰਪਿਕਸ ਵਿੱਚ ਸੋਨ ਤਮਗਾ ਹਾਸਲ ਕੀਤਾ ਸੀ। ਉਸ ਨੇ ਏਸ਼ੀਆਈ ਖੇਡਾਂ 2018 ਅਤੇ ਰਾਸ਼ਟਰਮੰਡਲ ਖੇਡਾਂ 2018 ਵਿੱਚ ਸੋਨ ਤਮਗੇ ਜਿੱਤਣ ਤੋਂ ਇਲਾਵਾ ਚਾਰ ਡਾਇਮੰਡ ਲੀਗ ਖਿਤਾਬ ਅਤੇ ਪਿਛਲੇ ਸਾਲ ਡਾਇਮੰਡ ਲੀਗ ਚੈਂਪੀਅਨਸ਼ਿਪ ਟਰਾਫ਼ੀ ਜਿੱਤੀ ਹੈ। ਉਹ ਭਾਰਤੀ ਸੈਨਾ ਵਿੱਚ ਜੂਨੀਅਰ ਅਫ਼ਸਰ ਹੈ। 26 ਸਾਲ ਤੋਂ ਵੀ ਘੱਟ ਉਮਰ ਦੇ ਨੀਰਜ ਚੋਪੜਾ ਤੋਂ ਭਾਰਤ ਨੂੰ ਬਹੁਤ ਉਮੀਦਾਂ ਹਨ।

## ਵਧਾਈ

• ਪ੍ਰਸਿੱਧ ਪੰਜਾਬੀ ਚਿੰਤਕ ਸ਼੍ਰੀ ਸੰਜੀਵ ਸਿੰਘ ਸੈਣੀ ਵਾਸੀ ਡੇਰਾ ਬਸੀ ਜ਼ਿਲ੍ਹਾ ਮੋਹਾਲੀ ਦੀ ਲਿਖੀ ਪੁਸਤਕ " ਸਮਾਜ ਅਤੇ ਜੀਵਨ-ਜਾਚ" 27 ਜੁਲਾਈ, 2023 ਨੂੰ ਜ਼ਿਲ੍ਹਾ ਭਾਸ਼ਾ ਦਫ਼ਤਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵਿਖੇ ਲੋਕ ਅਰਪਣ ਕੀਤੀ ਗਈ ਹੈ। ਇਹ ਰਸਮ ਜ਼ਿਲ੍ਹਾ ਭਾਸ਼ਾ ਅਫ਼ਸਰ ਅਤੇ ਪੰਜਾਬੀ ਦੇ ਪ੍ਰਮੁੱਖ ਲਿਖਾਰੀਆਂ ਨੇ ਆਪਣੇ ਕਰ ਕਮਲਾਂ ਨਾਲ ਨਿਭਾਈ। ਇਸ ਸਮੇਂ ਪੁਸਤਕ ਦੇ ਵਿਸ਼ੇ 'ਤੇ ਵਿਚਾਰ ਚਰਚਾ ਵੀ ਹੋਈ ਅਤੇ ਵਿਦਵਾਨਾਂ ਨੇ ਆਮ ਲੋਕਾਂ ਦੇ ਜੀਵਨ ਨਾਲ ਜੁੜੇ ਪੁਸਤਕ ਦੇ ਲੇਖਾਂ ਦੀ ਸ਼ਲਾਘਾ ਕੀਤੀ। ਸ਼੍ਰੀ ਸੰਜੀਵ ਸਿੰਘ ਸੈਣੀ ਸੰਵੇਦਨਸ਼ੀਲ ਲਿਖਾਰੀ ਹਨ ਜੋ ਪੰਜਾਬੀ ਸਮਾਜ ਵਿੱਚ ਪਨਪ ਰਹੀਆਂ ਬੁਰਾਈਆਂ ਅਤੇ ਨਰੋਈ ਜੀਵਨ ਜਾਚ ਬਾਰੇ ਨਿਰੰਤਰ ਲੇਖ ਲਿਖਦੇ ਰਹਿੰਦੇ ਹਨ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕਾਂ ਵਲੋਂ ਇਸ ਨੌਜਵਾਨ ਲਿਖਾਰੀ ਨੂੰ ਬਹੁਤ ਬਹੁਤ ਵਧਾਈ ਹੋਵੇ।

❋ ❋ ❋ ❋ ❋

## ਪਰਬਤਾਰੋਹੀ ਬੱਚੀ

ਜਿਸ ਉਮਰ ਵਿੱਚ ਬੱਚੇ ਆਪਣਾ ਸਮਾਂ ਮੋਬਾਇਲ 'ਤੇ ਗੇਮਾਂ ਖੇਡਣ ਵਿੱਚ ਬਿਤਾਉਂਦੇ ਹਨ ਉਸ ਸਮੇਂ ਰੂਪਨਗਰ ਜ਼ਿਲ੍ਹੇ ਦੀ ਜੰਮਪਲ ਅੱਠ ਸਾਲ ਦੀ ਸਾਨਵੀ ਸੂਦ ਨੇ ਵਿਸ਼ਵ ਦੀਆਂ ਪ੍ਰਸਿੱਧ ਚੋਟੀਆਂ 'ਤੇ ਚੜ੍ਹ ਕੇ ਦੇਸ਼ ਦਾ ਨਾਂ ਉੱਚਾ ਕੀਤਾ ਹੈ। ਉਸ ਨੇ ਸੱਤ ਸਾਲ ਦੀ ਉਮਰ ਵਿੱਚ ਮਾਊਂਟ ਐਵਰੈਸਟ ਦੇ ਬੇਸ ਕੈਂਪ 'ਤੇ ਤਿਰੰਗਾ ਲਹਿਰਾ ਦਿੱਤਾ ਸੀ।



ਅਜਿਹਾ ਕਰਨ ਵਾਲੀ ਉਹ ਦੇਸ਼ ਦੀ ਸਭ ਤੋਂ ਛੋਟੀ ਉਮਰ ਦੀ ਲੜਕੀ ਸੀ। ਪਿਛਲੇ ਸਾਲ ਉਸ ਨੇ ਅਫ਼ਰੀਕਾ ਮਹਾਂਦੀਪ ਵਿੱਚ 5859 ਮੀਟਰ, ਸਭ ਤੋਂ ਉੱਚੀ ਮਾਊਂਟ ਕਿਲੀਮੰਜਾਰੋ ਚੋਟੀ ਨੂੰ ਸਰ ਕਰ ਕੇ ਏਸ਼ੀਆ ਦੀ ਸਭ ਤੋਂ ਛੋਟੀ ਜੇਤੂ ਹੋਣ ਦਾ ਮਾਣ ਖੱਟਿਆ ਸੀ। ਉਸ ਨੇ ਇਸ ਸਾਲ ਮਈ ਮਹੀਨੇ ਵਿੱਚ ਅਸਟ੍ਰੇਲੀਆ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਕੋਸਗੁਜ਼ਰੋ (2228 ਮੀਟਰ) ਅਤੇ ਜੁਲਾਈ ਮਹੀਨੇ ਰੂਸ ਦੀ ਮਾਊਂਟ ਐਲਬਰੱਸ (5642 ਮੀਟਰ) ਨੂੰ ਸਰ ਕਰ ਕੇ ਦੇਸ਼ ਦਾ ਮਾਣ ਵਧਾਇਆ। ਇਨ੍ਹਾਂ ਪ੍ਰਤਿਭਾਸ਼ਾਲੀ ਪ੍ਰਾਪਤੀਆਂ ਕਰਕੇ ਸਾਨਵੀ ਸੂਦ ਨੂੰ ਪੰਜਾਬ ਦੇ ਮੁੱਖ ਮੰਤਰੀ ਨੇ 2023 ਦੇ ਆਜ਼ਾਦੀ ਦਿਹਾੜੇ ਮੌਕੇ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਹੈ। ਪੰਜਾਬ ਅਤੇ ਭਾਰਤ ਦੇਸ਼ ਦੇ ਵਾਸੀਆਂ ਨੂੰ ਆਪਣੀ ਇਸ ਬਹਾਦਰ ਧੀ 'ਤੇ ਅੰਤਾਂ ਦਾ ਮਾਣ ਹੈ। ਪਰਮਾਤਮਾ ਇਸ ਨੂੰ ਹੋਰ ਬੁਲੰਦੀਆਂ ਬਖ਼ਸ਼ੇ।

## ਕਮਲੇ ਖਿਡਾਰੀਆਂ ਦਾ ਕਮਾਲ

ਸਾਡੇ ਸਮਾਜ ਵਿੱਚ ਬੌਧਿਕ ਪੱਖੋਂ ਕਮਜ਼ੋਰ ਵਿਅਕਤੀਆਂ ਨੂੰ ਟੇਢੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਇਹ ਮੰਨਿਆਂ ਜਾਂਦਾ ਹੈ ਕਿ ਉਹ ਕੁੱਝ ਵਰਣਨਯੋਗ ਕਰਨ ਦੇ ਲਾਇਕ ਨਹੀਂ। ਇਸ ਪ੍ਰਕਾਰ ਉਨ੍ਹਾਂ ਦੀ ਪ੍ਰਤਿਭਾ ਅਤੇ ਯੋਗਤਾ ਦਾ ਪੂਰਾ ਮੁੱਲ ਨਹੀਂ ਪਾਇਆ ਜਾਂਦਾ। ਇਸ ਕਾਰਨ ਉਨ੍ਹਾਂ ਦੀ ਸਮਾਜਿਕ ਕੀਮਤ ਨਿਗੂਣੀ ਹੀ ਰਹਿ ਜਾਂਦੀ ਹੈ। ਪਰ ਹੁਣ ਇਨ੍ਹਾਂ ਵਿਅਕਤੀਆਂ ਨੇ ਆਪਣੀਆਂ ਪ੍ਰਾਪਤੀਆਂ ਸਦਕਾ ਇਸ ਨਜ਼ਰੀਏ ਨੂੰ ਝੁਠਲਾ ਦਿੱਤਾ ਹੈ।

ਜਰਮਨ ਦੇਸ਼ ਦੇ ਸ਼ਹਿਰ ਬਰਲਿਨ ਵਿਖੇ 17 ਤੋਂ 25 ਜੂਨ, 2023 ਤੱਕ ਆਯੋਜਿਤ ਗਰਮੀਆਂ ਦੀਆਂ 16ਵੀਆਂ ਸਪੈਸ਼ਲ ਓਲੰਪਿਕ ਖੇਡਾਂ ਵਿੱਚ ਹੋਏ ਵਿਸ਼ਵ ਪੱਧਰੀ ਖੇਡ ਮੁਕਾਬਲਿਆਂ ਦੌਰਾਨ ਬੌਧਿਕ ਅਪੰਗਤਾ ਵਾਲੇ ਖਿਡਾਰੀਆਂ ਨੇ ਅਜਿਹੇ ਕੌਤਕ ਦਿਖਾਏ ਕਿ ਖੇਡ ਮਾਹਿਰ ਦੰਗ ਰਹਿ ਗਏ। ਇਨ੍ਹਾਂ ਖੇਡਾਂ ਵਿੱਚ ਦੁਨੀਆਂ ਦੇ 190 ਦੇਸ਼ਾਂ 'ਚੋਂ 7000 ਖਿਡਾਰੀਆਂ ਨੇ 26 ਮੁਕਾਬਲਿਆਂ ਵਿੱਚ ਭਾਗ ਲਿਆ। ਭਾਰਤ ਤੋਂ 198 ਖਿਡਾਰੀਆਂ ਨੇ 16 ਮੁਕਾਬਲਿਆਂ ਵਿੱਚ ਹਿੱਸਾ ਲੈ ਕੇ 76 ਸੋਨ, 75 ਚਾਂਦੀ ਅਤੇ 51 ਕਾਸ਼ੀ ਕੁੱਲ 202 ਤਮਗੇ ਹਾਸਲ ਕਰ ਕੇ ਦੇਸ਼ ਦਾ ਨਾਮ ਵਿਸ਼ਵ ਵਿੱਚ ਚਮਕਾ ਦਿੱਤਾ। ਪੰਜਾਬ ਦੇ ਵੀ 8 ਖਿਡਾਰੀਆਂ ਨੇ 3 ਸੋਨ, 1 ਚਾਂਦੀ ਅਤੇ 4 ਕਾਂਸੀ ਤਮਗੇ ਜਿੱਤੇ ਹਨ ਜਿਨ੍ਹਾਂ ਵਿੱਚੋਂ 4 ਤਮਗੇ ਭਗਤ ਪੂਰਨ ਸਿੰਘ ਸਪੈਸ਼ਲ ਸਕੂਲ ਦੇ ਖਿਡਾਰੀਆਂ ਦੇ ਹਨ। ਇਸ ਸਫ਼ਲਤਾ ਨੇ ਭਾਰਤ ਦੇ ਸਰੀਰ ਪੱਖੋਂ ਸੰਪੂਰਨ ਖਿਡਾਰੀਆਂ ਨੂੰ ਸੰਦੇਸ਼ ਦਿੱਤਾ ਹੈ ਕਿ ਦ੍ਰਿੜਤਾ ਅਤੇ ਸਮਰਪਣ ਨਾਲ ਬੁਲੰਦੀਆਂ ਨੂੰ ਛੋਹਿਆ ਜਾ ਸਕਦਾ ਹੈ।

ਅਮਰੀਕਾ ਦੇਸ਼ ਦੇ ਸਮਾਜਸੇਵੀ ਔਨਸ ਕੈਨੇਡੀ ਸ਼ਰਿਵਰ ਨੇ 1968 ਵਿੱਚ ਬੌਧਿਕ ਪੱਖੋਂ ਕਮਜ਼ੋਰ ਵਿਅਕਤੀਆਂ ਨਾਲ ਹੁੰਦੇ ਵਿਤਕਰੇ ਨੂੰ ਸ਼ਿਦਤ ਨਾਲ ਮਹਿਸੂਸ ਕਰਦਿਆਂ ਵਸ਼ਿੰਗਟਨ ਵਿਖੇ ਇੱਕ ਸਪੈਸ਼ਲ ਓਲੰਪਿਕ ਖੇਡ ਸੰਸਥਾ ਦਾ ਗਠਨ ਕੀਤਾ। ਇਸ ਸਾਲ ਹੀ ਪਹਿਲੀਆਂ ਖੇਡਾਂ ਸ਼ਿਕਾਗੋ ਵਿਖੇ ਕਰਵਾਈਆਂ ਗਈਆਂ ਜਿਸ ਵਿੱਚ ਅਮਰੀਕਾ ਅਤੇ ਕੈਨੇਡਾ ਦੇ 1000 ਬੌਧਿਕ ਅਪੰਗਤਾ ਵਾਲੇ ਖਿਡਾਰੀਆਂ ਨੇ ਭਾਗ ਲਿਆ। ਹੁਣ ਇਹ ਖੇਡਾਂ ਹਰ ਦੋ ਸਾਲ ਬਾਅਦ ਹੁੰਦੀਆਂ ਹਨ। ਇਸ ਦੀ ਤਿਆਰੀ 172 ਦੇਸ਼ਾਂ ਵਿੱਚ ਸਾਰਾ ਸਾਲ ਮੁਫ਼ਤ ਹੁੰਦੀ ਹੈ ਜਿਸ ਲਈ

ਸੰਸਾਰ ਦੇ 204 ਦੇਸ਼ਾਂ ਨੂੰ ਸੱਤ ਭੂਗੋਲਿਕ ਖੰਡਾਂ- ਅਫ਼ਰੀਕਾ (40), ਏਸ਼ੀਆ ਪੈਸੇਫਿਕ (35), ਈਸਟ ਏਸ਼ੀਆ (6), ਯੂਰੋਪ-ਯੁਰੇਸ਼ੀਆ (58), ਲੈਟਿਨ ਅਮਰੀਕਾ (20), ਮਿਡਲ ਈਸਟ ਤੇ ਨਾਰਥ ਅਫ਼ਰੀਕਾ (22) ਅਤੇ ਨਾਰਥ ਅਮਰੀਕਾ (23) ਵਿੱਚ ਵੰਡਿਆ ਗਿਆ ਹੈ।

ਇਨ੍ਹਾਂ ਖੇਡ ਮੁਕਾਬਲਿਆਂ ਨੂੰ ਇੰਟਰਨੈਸ਼ਨਲ ਓਲੰਪਿਕ ਕਮੇਟੀ ਵਲੋਂ ਪ੍ਰਵਾਨ ਕੀਤਾ ਗਿਆ ਹੈ। ਇਨ੍ਹਾਂ ਵਿੱਚ ਤੈਰਾਕੀ, ਐਥਲੈਟਿਕਸ, ਬੈਡਮਿੰਟਨ, ਬਾਸਕਟਬਾਲ, ਵਾਲੀਬਾਲ, ਬਾਊਲਿੰਗ, ਸਾਈਕਲਿੰਗ, ਐਕੁਸਟ੍ਰੀਅਨ, ਫੀਲਡ ਹਾਕੀ, ਫੁੱਟਬਾਲ, ਫੁਟਸਲ, ਗੌਲਫ਼, ਜਿਮਨਾਸਟਿਕ, ਹੈਂਡਬਾਲ, ਜੁੱਡੋ, ਕਾਇਕਿੰਗ, ਪਾਵਰ ਲਿਫ਼ਟਿੰਗ, ਰੋਲਰ ਸਕੇਟਿੰਗ, ਸੇਲਿੰਗ, ਟੇਬਲ ਟੈਨਿਸ ਅਤੇ ਟੈਨਿਸ ਖੇਡਾਂ ਸ਼ਾਮਲ ਹਨ। ਉਂਜ ਖਿਡਾਰੀਆਂ ਦੀ ਮਾਨਸਿਕ ਸਥਿਤੀ ਦੇ ਧਿਆਨਗੋਚਰੇ ਇਨ੍ਹਾਂ ਮੁਕਾਬਲਿਆਂ ਦੀ ਦੇਸ਼ਵਾਰ ਤਮਗਾ ਜੇਤੂ ਸੂਚੀ ਜਾਰੀ ਨਹੀਂ ਕੀਤੀ ਜਾਂਦੀ। ਇਨ੍ਹਾਂ ਕਮਲ਼ੇ ਖਿਡਾਰੀਆਂ ਦੇ ਕਮਾਲ ਨੂੰ ਉਤਸ਼ਾਹਿਤ ਕਰਨਾ ਬਣਦਾ ਹੈ। ਖੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਸੋਨ ਤਮਗਾ, ਚਾਂਦੀ ਤਮਗਾ ਅਤੇ ਕਾਂਸੀ ਤਮਗਾ ਜੇਤੂ ਆਪਣੇ ਹਰ ਖਿਡਾਰੀ ਨੂੰ ਕ੍ਰਮਵਾਰ 10 ਲੱਖ, 7 ਲੱਖ ਅਤੇ 5 ਲੱਖ ਇਨਾਮ ਦੇਣ ਦਾ ਐਲਾਨ ਕੀਤਾ ਹੈ।

**Regular Activities Of Saini Bhawan Rupnagar**

## A. Vocational Training Centres

1 Sewing and Tailoring Training Centre
2. Fashion Designing Training Centre
3. Beautician Art Training Centre
4. Computer Training Centre

**B. Annual Saini Sammelan**

To honour eminent Saini Personalities and Discuss the Problems and Demands of Bradri.

**C. Annual Education Function**

To organise Declamation Contest of Students and distribute Scholarships to deserving students

**D. Biannual Blood Donation Camps**

In January and July months Yearly

**E. Quarterly Functions**

To release the Magazine " Saini Sansar"

**F. Monthly Meetings of Managing** Committee Members

To review and plan the activities of Trusts.

**G. Daily Attendence of members**

To perform regular daily duties

# ਸੈਣੀ ਭਵਨ ਦੀਆਂ ਸਰਗਰਮੀਆਂ - ਤਸਵੀਰਾਂ ਦੀ ਜ਼ੁਬਾਨੀ




ਮੈਗਜ਼ੀਨ 'ਸੈਣੀ ਸੰਸਾਰ' ਦਾ 49ਵਾਂ ਅੰਕ ਲੋਕਅਰਪਣ ਕਰਦੇ ਹੋਏ ਐਡਵੋਕੇਟ ਕਮਲ ਸੈਣੀ, ਸਰਪੰਚ ਪਿੰਡ ਕਟਲੀ ਅਤੇ ਸੈਣੀ ਭਵਨ ਦੇ ਪ੍ਰਬੰਧਕ




ਸੈਣੀ ਭਵਨ ਵਲੋਂ ਲਗਾਏ ਗਏ 20ਵੇਂ ਖੂਨਦਾਨ ਕੈਂਪ ਦੌਰਾਨ ਓਲੰਪਿਅਨ ਸ. ਰਾਜਪਾਲ ਸਿੰਘ, ਐੱਸ.ਪੀ. ਪੰਜਾਬ ਪੁਲਿਸ ਖੂਨਦਾਨੀਆਂ ਨੂੰ ਸਨਮਾਨਿਤ ਕਰਦੇ ਹੋਏ



ਸਾਵਣ ਮਹੀਨੇ 2023 ਦੌਰਾਨ ਤੀਆਂ ਦਾ ਤਿਉਹਾਰ ਮਨਾਉਂਦੀਆਂ ਹੋਈਆਂ ਸੈਣੀ ਭਵਨ ਦੀਆਂ ਸਿੱਖਿਆਰਥਣਾਂ ਅਤੇ ਸੁਆਣੀਆਂ।



ਸੈਣੀ ਸੰਸਾਰ ਮੈਗਜ਼ੀਨ ਦੇ 49ਵੇਂ ਅੰਕ ਰਲੀਜ਼ ਕਰਨ ਸਮੇਂ ਸਮਾਗਮ ਵਿੱਚ ਸ਼ਾਮਲ ਪਤਵੰਤੇ ਸੱਜਣ।

SAINI BHAWAN RUPNAGAR
PUNJAB
ਸਰਬਤ ਦਾ ਭਲਾ
Estd. 1971

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

# ਸੈਣੀ ਸੰਸਾਰ
# Saini Sansar


**P U B L I S H E R S**

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001